For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

ਰਜਿਸਟ੍ਰੇਸ਼ਨ ਨੰਬਰ 210836300

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ

ਸਾਲ-4, ਅੰਕ-2, 16 ਫਰਵਰੀ ਤੋਂ 15 ਮਾਰਚ 2014


Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ
ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

## ਸੌ ਫੁੱਲ ਖਿੜਨ ਦਿਓ !

ਵਰ੍ਹਾ 2014 ਭਾਰਤ ਦੀ ਰਾਜਨੀਤੀ ਵਿਚ ਇਕ ਵੱਡੇ ਬਦਲਾਅ ਦਾ ਸੰਕੇਤ ਬਣਦਾ ਜਾ ਰਿਹਾ ਹੈ। ਕਿਉਂਕਿ ਕਈ ਦ੍ਰਿਸ਼ਟੀਕੋਣਾਂ ਤੋਂ ਰਾਜਨੀਤੀ ਦੇ ਨਵੇਂ ਸਵਾਲ ਉਤਪਨ ਕੀਤੇ ਜਾ ਰਹੇ ਹਨ। ਕੋਈ ਕੁਝ ਵੀ ਸਮਝੇ ਪਰ ਇਕ ਗੱਲ ਉਭਰਵੇਂ ਰੂਪ ਵਿਚ ਸਾਹਮਣੇ ਆ ਗਈ ਹੈ ਕਿ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਅੱਕੇ ਹੋਏ ਆਮ ਅਤੇ ਮੱਧਵਰਗ ਦੇ ਲੋਕ ਇਥੋਂ ਤੱਕ ਇਕ ਸਾਫ਼ ਸੁਥਰੀ ਜੀਵਨ ਜਾਚ ਵਾਲੇ ਹਿੱਸੇ ਇਕ ਰਾਜਨੀਤਕ ਬਦਲ ਦੀ ਤਲਾਸ਼ ਵਿਚ ਹਨ। ਹਾਲਾਂਕਿ ਇਹ ਤਾਂ ਇਤਿਹਾਸ ਹੀ ਤੈਅ ਕਰੇਗਾ ਕਿ ਕਿਸ ਕਿਸਮ ਦਾ ਬਦਲ ਆਮ ਆਦਮੀ ਦੇ ਨਾਂ 'ਤੇ ਉਤਪਨ ਕੀਤਾ ਜਾ ਰਿਹਾ ਹੈ ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਿਹੜੇ ਹਿੱਸੇ ਲੋਕ ਮੁਕਤੀ ਦਾ ਨਾਅਰਾ ਉਚਾ ਕਰਦੇ ਸਨ ਉਹ ਰਾਜਨੀਤਕ ਖੇਤਰ ਵਿਚ ਵੱਡੀਆਂ ਪੁਲਾਂਘਾਂ ਨਹੀਂ ਪੁੱਟ ਸਕੇ। ਜੋ ਪੁਲਾਂਘਾਂ ਪੁੱਟ ਰਹੇ ਹਨ ਉਹਨਾਂ ਵਿਚ ਸ਼ਾਮਲ ਹੋਣਾ ਜਾਂ ਨਾ ਹੋਣਾ ਇਕ ਵੱਖਰੀ ਗੱਲ ਹੈ ਪਰ ਇਕ ਵੱਡਾ ਚਿੰਤਨ ਜ਼ਰੂਰ ਖੜ੍ਹਾ ਕਰਨਾ ਚਾਹੀਦਾ ਹੈ। ਇਸ ਗੱਲ ਦਾ ਸਾਨੂੰ ਕੋਈ ਭੁਲੇਖਾ ਨਹੀਂ ਕਿ ਪੂੰਜੀਵਾਦ ਦੇ ਵੱਡੇ ਤਾਕਤਵਰ ਹਾਥੀ ਨੂੰ ਹੇਠਾਂ ਸੁੱਟਣ ਲਈ ਅਤੇ ਇਕ ਬਦਲਵਾਂ ਲੋਕਾਂ ਦਾ ਰਾਜ ਸਥਾਪਤ ਕਰਨ ਲਈ ਇਕ ਵੱਡੀ ਸੋਚ, ਸਮਝ, ਸ਼ਕਤੀ ਅਤੇ ਵਿਚਾਰਧਾਰਕ ਸਪਸ਼ਟਤਾ ਦੀ ਜ਼ਰੂਰਤ ਹੁੰਦੀ ਹੈ ਪਰ ਜਿਸ ਕਿਸਮ ਨਾਲ ਆਮ ਭਾਰਤੀ ਜੀਵਨ ਜਾਚ ਅਤੇ ਲੋਕਾਂ ਦੀ ਅੱਗੇ ਖੜ੍ਹੀਆਂ ਰੋਜ਼ਮਰਾਂ ਦੀਆਂ ਦਿੱਕਤਾਂ ਸੰਘਰਸ਼ਾਂ ਨੂੰ ਨਵੇਂ ਸ਼ਬਦ ਦੇ ਰਹੀਆਂ ਹਨ ਇਨ੍ਹਾਂ ਨਵੇਂ ਸੰਘਰਸ਼ਾਂ ਅਤੇ ਸ਼ਬਦਾਂ ਦੀ ਤਲਾਸ਼ ਵਿਚ ਇਕ ਨਵੇਂ ਕਿਸਮ ਦੀ ਰੋਸ਼ਨੀ ਉਤਪਨ ਕਰਨਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਅਸੀਂ ਇਸ ਗੱਲ ਲਈ ਚੁਤੰਨ ਹਾਂ ਕਿ ਜੋ ਵੀ ਪਹਿਲਕਦਮੀਆਂ ਹੋ ਰਹੀਆਂ ਹਨ ਉਹ ਇਕ ਸਾਫ਼ ਸੁਥਰੇ ਪ੍ਰਬੰਧ ਤੱਕ ਹੀ ਸੀਮਤ ਹਨ। ਇਸ ਅੰਦਰ ਕਈ ਕਿਸਮ ਦੀਆਂ ਵਿਰੋਧਤਾਈਆਂ ਅਤੇ ਵੱਡੇ ਸਵਾਲ ਸਮੋਏ ਹੋਏ ਹਨ ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਸੀਂ ਰਾਜਨੀਤਕ ਪ੍ਰਸੰਗਿਕਤਾ ਵਿਚ ਆਪਣਾ ਹਿੱਸਾ ਕਿਵੇਂ ਪਾਈਏ। ਕਿਸਮ ਰੂਪ ਵਿਚ ਅਸੀਂ ਲੋਕਾਂ ਦੇ ਸੰਘਰਸ਼ਾਂ ਨੂੰ ਰਾਜਨੀਤਕ ਆਵਾਜ਼ ਦੇਈਏ ਅਤੇ ਇਹ ਰਾਜਨੀਤਕ ਆਵਾਜ਼ ਲੋਕਾਂ ਦੀ ਮੁਕਤੀ ਦਾ ਰਸਤਾ ਤੋਰਨ ਵਿਚ ਸਹਾਈ ਹੋ ਸਕੇ। ਅਸੀਂ ਜੇ ਆਮ ਆਦਮੀ ਦੀ ਆਵਾਜ਼ ਦੀ ਗੱਲ ਕਰਦੇ ਹਾਂ ਤਾਂ ਸਾਡਾ ਇਥੇ ਉਨ੍ਹਾਂ ਸਰੋਕਾਰਾਂ ਨੂੰ ਪ੍ਰਮੁੱਖਤਾ ਦੇਣਾ ਹੈ ਜਿਹੜੇ ਸਰੋਕਾਰ ਅੱਜ ਭਾਰਤੀ ਰਾਜਨੀਤੀ ਵਿਚ ਆਮ ਲੋਕ ਲੈ ਕੇ ਆ ਰਹੇ ਹਨ। ਕਈ ਦਿਸ਼ਾਵਾਂ ਤੋਂ, ਕਈ ਸੋਚਾਂ ਤੋਂ, ਕਈ ਦ੍ਰਿਸ਼ਟੀਕੋਣਾਂ ਤੋਂ ਇਹ ਆਵਾਜ਼ ਹੋਰ ਸਪਸ਼ਟ ਅਤੇ ਨਿਖਰਣੀ ਚਾਹੀਦੀ ਹੈ। ਇਸ ਨਿਖਾਰ ਲਈ ਹਰ ਕਿਸਮ ਦੀ ਨੁਕਤਾਚੀਨੀ ਅਤੇ ਸਵੈ ਪੜਚੋਲ ਲਈ ਸਾਡੇ ਦਰਵਾਜ਼ੇ ਅਤੇ ਬਾਰੀਆਂ ਖੁੱਲ੍ਹੀਆਂ ਹਨ। ਹਰੇਕ ਵਿਚਾਰ ਉਹ ਭਲਾਂ ਕਿਸ ਰੂਪ ਵਿਚ ਵੀ ਸਾਡੇ ਸਮਝਦਾਰੀ ਅਤੇ ਸਾਡੇ ਪਾਠਕਾਂ ਦੀ ਸਮਝਦਾਰੀ ਨੂੰ ਸਪਸ਼ਟ ਕਰਨ ਵਿਚ ਸਹਾਈ ਹੋਵੇ ਉਸ ਨੂੰ ਬਣਦਾ ਸਥਾਨ ਦਿੱਤਾ ਜਾਵੇਗਾਅਤੇ ਜੀ ਆਇਆਂ ਕਿਹਾ ਜਾਵੇਗਾ।

- ਹਰਬੰਸ ਸਿੰਘ






ਪੰਜਾਬ ਦੇ ਖੇਤੀ ਸੈਕਟਰ ਦਾ ਸੰਕਟ ਦੇ ਮੂਲ ਕਾਰਨ ਅਤੇ ਸੰਭਾਵੀ ਹੱਲ




Minimum wage: Question of Dignity




ਮੰਡੀ, ਇਸ਼ਤਿਹਾਰ ਅਤੇ ਲੋਕ ਸਰੋਕਾਰਾਂ ਨੂੰ ਬਦਲਣ ਦਾ ਬਿਜਨਿਸ




ਪੇਂਡੂ ਵਿਰਾਸਤ ਦੀ ਅਹਿਮੀਅਤ 'ਚ ਪੇਂਡੂ ਧੀ ਦਾ ਸਥਾਨ

SUPER VISA INSURANCE



Sherjang Singh Rana
416.910.9000

Punjab Insurance Inc PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

Village of India
Restaurant & Sweets
Tel: 905 - 450 - 3333
www.villageofindia.ca
*Open 7 days a week *Pur Veg. Authentic Fine Indian Cuisine
PARTY HALL (up to 100 people)
Party Hall + Catering + Seating
Arrangement + Sound System + Lighting
*DINE IN *TAKE OUT *CATERING *SWEETS & SNACKS
114 Kennedy Road, South, Brampton, ON L6W 3E7
(Between Queen / HWY 7 & Steeles )

GoGreen
JGN KITCHENS
JGN Kitchens




Special
20% off
Bathroom & Kitchen Design.
Traditional, Transitional & Contemporary.
Solid Wood Entry Doors
Wide Variety of Wood, Thermofoil & Laminates.
Tel: 905-828-8009
www.jgnkitchens.com
3600A Laird Road, Unit-2-4
Mississauga, ON, L5L 6A6
Email: info@jgnkitchens.com



Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V.
used under license by Loyalty Management Group
Canada Inc. and Century 21 Canada Ltd.
Partnership

# ਸ਼ਹੀਦ ਭਗਤ ਸਿੰਘ ਦੇ ਘਰ ਅਤੇ ਸਕੂਲ ਦੀ ਪੁਨਰ ਸਥਾਪਤੀ ਇਕ ਚੰਗਾ ਕਦਮ



ਲਾਹੌਰ : ਪਾਕਿਸਤਾਨ ਦੇ ਪੰਜਾਬ ਸੂਬੇ 'ਚ ਸਥਿਤ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ, ਸਕੂਲ ਅਤੇ ਉਨ੍ਹਾਂ ਦੇ ਪਿੰਡ ਦੀ ਪੁਨਰ ਸਥਾਪਨਾ ਲਈ 80 ਕਰੋੜ ਰੁਪਏ ਦਾ ਪ੍ਰੋਜੈਕਟ ਮਨਜ਼ੂਰ ਕੀਤਾ ਗਿਆ ਹੈ। ਪੱਤਰਕਾਰਾਂ ਕੋਲ ਇਹ ਪ੍ਰਗਟਾਵਾ ਕਰਦਿਆਂ ਫੈਸਲਾਬਾਦ ਜ਼ਿਲ੍ਹੇ ਦੇ ਤਾਲਮੇਲ ਅਫ਼ਸਰ ਨੂਰੁਲ ਅਮੀਨ ਮੇਂਗਲ ਨੇ ਦੱਸਿਆ ਕਿ ਆਜ਼ਾਦੀ ਦੀ ਜੰਗ ਦੇ ਹੀਰੋ ਭਗਤ ਸਿੰਘ ਦੇ ਘਰ ਅਤੇ ਸਕੂਲ ਦੀ ਪੁਨਰ ਸਥਾਪਨਾ ਲਈ 8 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ। ਇਹ ਰੁਪਏ ਉਨ੍ਹਾਂ ਦੇ ਪਿੰਡ ਦੇ ਵਿਕਾਸ ਵੀ ਖਰਚ ਕੀਤੇ ਜਾਣਗੇ ਅਤੇ ਉਥੇ ਪੀਣ ਵਾਲੇ ਸਾਫ਼ ਪਾਣੀ ਅਤੇ ਸੀਵਰੇਜ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਮੇਂਗਲ ਨੇ ਕਿਹਾ ਫ਼ੈਸਲਾਬਾਦ ਦੇ ਲੋਕਾਂ ਨੂੰ ਮਾਣ ਹੈ ਕਿ ਭਗਤ ਸਿੰਘ ਉਨ੍ਹਾਂ ਦੀ ਸਰਜ਼ਮੀਂ ਦਾ ਬੇਟਾ ਸੀ ਅਤੇ ਚਾਹੁੰਦੇ ਹਨ ਕਿ ਇਸ ਨੂੰ ਭਗਤ ਸਿੰਘ ਦੇ ਕਸਬੇ ਵਜੋਂ ਜਾਣਿਆ ਜਾਵੇ। ਵਰਣਨਯੋਗ ਹੈ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਸੂਬੇ ਦੇ ਜ਼ਿਲ੍ਹੇ ਫੈਸਲਾਬਾਦ (ਉਸ ਸਮੇਂ ਲਾਇਲਪੁਰ) ਦੀ ਤਹਿਸੀਲ ਜੜ੍ਹਾਂਵਾਲਾ 'ਚ ਪਿੰਡ ਬੰਗੇ 'ਚ 28 ਸਤੰਬਰ, 1907 ਨੂੰ ਹੋਇਆ ਸੀ। ਮੇਂਗਲ ਨੇ ਦੱਸਿਆ ਕਿ ਸ਼ਹੀਦ ਦਾ ਇਹ ਪਿੰਡ ਲਾਹੌਰ ਤੋਂ 150 ਕਿਲੋਮੀਟਰ ਦੂਰ ਹੈ ਅਤੇ ਇਸ ਨੂੰ ਸੈਰ ਸਪਾਟੇ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਇਹ ਖਾਸ ਕਰ ਕੇ ਭਾਰਤ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਹੋਵੇਗਾ। ਸ੍ਰੀ ਨਨਕਾਣਾ ਸਾਹਿਬ ਤੋਂ ਇਹ ਪਿੰਡ ਸਿਰਫ਼ 35 ਕਿਲੋਮੀਟਰ ਦੀ ਦੂਰੀ 'ਤੇ ਹੋਣ ਕਾਰਨ ਸਿੱਖ ਸ਼ਰਧਾਲੂਆਂ ਲਈ ਵੀ ਖਾਸ ਖਿੱਚ ਦਾ ਕੇਂਦਰ ਹੋਵੇਗਾ। ਸਰਕਾਰ ਨੇ ਸ਼ਹੀਦ ਦੀਆਂ ਵਸਤਾਂ ਵੀ ਫੈਸਲਾਬਾਦ ਅਜਾਇਬ ਘਰ ਅਤੇ ਲਾਇਬ੍ਰੇਰੀ ਤੋਂ ਉਨ੍ਹਾਂ ਦੇ ਘਰ 'ਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਬੰਗੀ ਦਾ ਕੁਲ ਜਨਸੰਖਿਆ 5000 ਦੇ ਕਰੀਬ ਹੈ ਅਤੇ ਇਥੇ 2 ਕਨਾਲਾਂ 'ਚ ਬਣੇ ਭਗਤ ਸਿੰਘ ਦੇ ਘਰ ਦਾ ਮਾਲਕ ਐਡਵੋਕੇਟ ਇਕਬਾਲ ਵਿਰਕ ਹੈ। ਮੇਂਗਲ ਨੇ ਕਿਹਾ ਕਿ ਐਡਵੋਕੇਟ ਕੋਲੋਂ ਇਹ ਘਰ ਖ਼੍ਰੀਦ ਲਿਆ ਜਾਵੇਗਾ। ਲਾਹੌਰ ਸਾਜ਼ਿਸ਼ ਮਾਮਲੇ 'ਚ ਸ਼ਮੂਲੀਅਤ ਦੀ ਸੁਣਵਾਈ ਦੌਰਾਨ ਬਰਤਾਨੀਆ ਸਰਕਾਰ ਨੇ ਭਗਤ ਸਿੰਘ ਨੂੰ 23 ਸਾਲ ਦੀ ਉਮਰ 'ਚ ਸ਼ਮਦਾਨ ਚੌਕ 'ਚ ਫਾਂਸੀ ਦੇ ਦਿੱਤੀ ਸੀ। ਪੰਜਾਬ ਸਰਕਾਰ ਨੇ ਅਕਤੂਬਰ, 2012 ਨੂੰ ਫਵਾਰਾ ਚੌਕ ਨੂੰ ਭਗਤ ਸਿੰਘ ਚੌਕ ਨਾਂਅ ਦੇਣ ਦਾ ਫ਼ੈਸਲਾ ਕੀਤਾ ਸੀ, ਪ੍ਰੰਤੂ ਕੁਝ ਵਰਗਾਂ ਵੱਲੋਂ ਇਸ ਵਿਰੁੱਧ ਰੋਸ ਪ੍ਰਗਟ ਕੀਤੇ ਜਾਣ 'ਤੇ ਇਸ 'ਤੇ ਰੋਕ ਲਾ ਦਿੱਤੀ ਗਈ ਸੀ।




ਸੰਘਰਸ਼ਾਂ ਦੇ ਪਿੜ 'ਚੋਂ ਉਠਦੀਆਂ ਆਵਾਜ਼ਾਂ ਸਮੇਂ ਦੀਆਂ ਹਕੂਮਤਾਂ ਨੂੰ ਇਕ ਚੁਣੌਤੀ ਦਿੰਦੀਆਂ ਹਨ। ਇਹ ਚੁਣੌਤੀ ਇਕ ਬਦਲਾਅ ਦੀ ਨਿਸ਼ਾਨੀ ਹੈ।

ਪੰਜਾਬ ਦਾ ਅਰਥਚਾਰਾ

# ਪੰਜਾਬ ਦੇ ਖੇਤੀ ਸੈਕਟਰ ਦਾ ਸੰਕਟ ਦੇ ਮੂਲ ਕਾਰਨ ਅਤੇ ਸੰਭਾਵੀ ਹੱਲ





ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ

ਪੰਜਾਬ ਨੂੰ 'ਹਰੇ ਇਨਕਲਾਬ' ਦੇ ਮਾਡਲ ਦਾ ਗੜ੍ਹ ਅਤੇ ਖੇਤੀਬਾੜੀ 'ਚ ਸਭ ਤੋਂ ਵੱਧ ਵਿਕਸਤ ਤੇ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ। ਖੇਤੀ ਦੇ 'ਹਰੇ ਇਨਕਲਾਬ' ਦੇ ਪੂੰਜੀਵਾਦੀ ਮਾਡਲ ਨੇ ਇਥੇ ਸੱਤਰਵਿਆਂ ਵਿੱਚ ਫ਼ਸਲਾਂ ਦੇ ਉਤਪਾਦਨ ਅਤੇ ਉਤਪਾਦਿਕਤਾ ਨੂੰ ਵਧਾਇਆ। ਉਸ ਸਮੇਂ ਵਪਾਰ ਦੀਆਂ ਸ਼ਰਤਾਂ ਖੇਤੀ ਦੇ ਪੱਖ ਵਿੱਚ ਸਨ ਜਿਸ ਕਰਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਇਆ। ਇਸ ਤੋਂ ਬਾਅਦ ਅੱਸੀਵਿਆਂ 'ਚ ਫ਼ਸਲਾਂ ਦੇ ਝਾੜ ਭਾਵੇਂ ਵਧੇ ਪ੍ਰੰਤੂ ਇਸ ਵਾਧੇ ਦੀ ਦਰ ਪਹਿਲਾਂ ਤੋਂ ਘੱਟ ਸੀ। ਇਸੇ ਸਮੇਂ ਫ਼ਸਲਾਂ ਦੀਆਂ ਕੀਮਤਾਂ ਨਾਲੋਂ ਫ਼ਸਲੀ ਲਾਗਤਾਂ ਵਿੱਚ ਵਾਧਾ ਕਈ ਗੁਣਾ ਜ਼ਿਆਦਾ ਹੋਣ ਕਰਕੇ ਕਿਸਾਨਾਂ ਦੇ ਸ਼ੁੱਧ ਲਾਭ ਘਟਣੇ ਸ਼ੁਰੂ ਹੋ ਗਏ। ਨੱਬੇਵਿਆਂ 'ਚ ਫ਼ਸਲਾਂ ਦੇ ਝਾੜ ਸਥਿਰ/ਘਟਣੇ ਸ਼ੁਰੂ ਹੋ ਗਏ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਕਾਰਨ ਸਰਕਾਰ ਨੇ ਕੇਂਦਰੀ ਬਜਟ ਵਿੱਚੋਂ ਖੇਤੀ ਬਜਟ 'ਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਖੇਤੀ ਸਬਸਿਡੀਆਂ ਵੀ ਕਦਮ-ਦਰ-ਕਦਮ ਘਟਾਉਣੀਆਂ ਜਾਰੀ ਰੱਖੀਆਂ। ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਫ਼ਸਲਾਂ ਲਈ ਲੋੜੀਂਦੀਆਂ ਲਾਗਤਾਂ (ਇਨਪੁਟਸ) ਮਹਿੰਗੀਆਂ ਹੋ ਗਈਆਂ ਅਤੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਨਾ ਹੋਣ ਕਰਕੇ ਕਿਸਾਨਾਂ ਦੀ ਅਸਲ ਆਮਦਨ ਘਟਣੀ ਸ਼ੁਰੂ ਹੋ ਗਈ। ਇਸ ਕਰਕੇ ਸਮੁੱਚਾ ਖੇਤੀ ਅਰਥਚਾਰਾ ਸੰਕਟ ਵਿੱਚ ਫਸ ਗਿਆ।

ਖੇਤੀਬਾੜੀ 'ਚ ਪੂੰਜੀਵਾਦ ਦੇ ਮੁਢਲੇ ਪੜਾਅ ਦੌਰਾਨ ਰੁਜ਼ਗਾਰ ਵੱਡੀ ਪੱਧਰ 'ਤੇ ਪੈਦਾ ਹੁੰਦਾ ਹੈ ਪਰ ਪੂੰਜੀਵਾਦ ਦੇ ਵਿਕਾਸ ਮਾਡਲ ਅਨੁਸਾਰ ਜਦੋਂ ਖੇਤੀ ਵਿੱਚ ਮਸ਼ੀਨਰੀ ਅਤੇ ਰਸਾਇਣਾਂ ਦੀ ਵਰਤੋਂ ਵਿੱਚ ਵਾਧਾ ਹੁੰਦਾ ਹੈ ਤਾਂ ਇਹ ਕਿਰਤ ਸ਼ਕਤੀ ਨੂੰ ਵਿਹਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਪੂੰਜੀਵਾਦ ਦੇ ਉਚੇਰੇ ਪੜਾਵਾਂ ਦੌਰਾਨ ਕਾਮਿਆਂ ਨੂੰ ਕੰਮ ਮਿਲ਼ਣਾ ਘਟ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਰਥ-ਵਿਵਸਥਾ ਦੇ ਦੂਜੇ ਖੇਤਰਾਂ ਭਾਵ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਪਰਵਾਸ ਕਰਨਾ ਪੈਂਦਾ। ਪੰਜਾਬ ਦੀ ਖੇਤੀਬਾੜੀ ਵਿੱਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਰਸਾਇਣ ਪੈਦਾ ਕਰਨ ਵਾਲਾ ਉਦਯੋਗ ਪੰਜਾਬ ਵਿੱਚ ਪੈਦਾ ਹੋਣਾ ਚਾਹੀਦਾ ਸੀ।ਪੰਜਾਬ ਇੱਕ ਵਿਕਸਤ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇੱਥੇ ਕਣਕ, ਚੌਲ, ਨਰਮਾ, ਫ਼ਲ, ਸ਼ਬਜ਼ੀਆਂ ਆਦਿ ਅਧਾਰਿਤ ਉਦਯੋਗ ਲੱਗਣੇ ਚਾਹੀਦੇ ਸਨ ।ਇਸ ਤਰ੍ਹਾਂ ਖੇਤੀਬਾੜੀ ਆਰਥਿਕਤਾ ਦੇ ਅਗਾਂਹ ਅਤੇ ਪਿਛਾਂਹ ਸਬੰਧ ਵਿਕਸਤ ਹੋਣ ਨਾਲ ਇਹ ਇੱਕ ਸੰਤੁਲਿਤ ਆਰਥਿਕਤਾ ਬਣਨੀ ਚਾਹੀਦੀ ਸੀ ਜੋ ਖੇਤੀਬਾੜੀ ਵਿੱਚੋਂ ਵਿਹਲੇ ਹੋ ਰਹੇ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਂਦੀ ਪ੍ਰੰਤੂ ਸਾਡੀ ਬਦਕਿਸਮਤੀ ਇਹ ਹੈ ਕਿ ਪੰਜਾਬ ਵਿੱਚ ਇਹ ਉਦਯੋਗਿਕ ਸੈਕਟਰ ਵਿਕਸਤ ਨਹੀਂ ਹੋ ਸਕੇ। 'ਹਰੇ ਇਨਕਲਾਬ' ਦੇ ਮਾਡਲ ਨੇ ਪੰਜਾਬ ਅੰਦਰ ਕਿਰਤ ਸ਼ਕਤੀ ਦੀ ਮੰਗ ਨੂੰ ਘਟਾਇਆ ਹੈ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਕਿਰਤ ਦੀ ਮੰਗ ਅੱਸੀਵਿਆਂ ਦੇ ਮੱਧ 'ਚ 4800 ਕਰੋੜ ਦਿਨ ਸਾਲਾਨਾ ਤੋਂ ਘਟ ਕੇ ਇਕੀਵੀਂ ਸਦੀ ਦੇ ਸ਼ੁਰੂ ਵਿੱਚ 4220 ਕਰੋੜ ਦਿਨ ਸਾਲਾਨਾ ਰਹਿ ਗਈ। ਜਿਸ ਕਰਕੇ ਕਾਫੀ ਕਿਰਤ ਸ਼ਕਤੀ ਬੇਰੁਜ਼ਗਾਰ ਹੋ ਗਈ।ਅੱਜ ਪੰਜਾਬ ਦੇ 35 ਲੱਖ ਨੌਜਵਾਨ ਬੇਰੁਜ਼ਗਾਰ ਹਨ ਜਿਨ੍ਹਾਂ ਵਿਚੋਂ 21 ਲੱਖ ਪੇਂਡੂ ਖੇਤਰ 'ਚੋਂ ਹਨ। ਇਸ ਤੋ ਜ਼ਿਆਦਾ ਅਰਧ-ਬੇਰੁਜ਼ਗਾਰ ਲੋਕ ਕੰਮ ਦੀ ਤਲਾਸ਼ ਵਿੱਚ ਭਟਕਦੇ ਫਿਰਦੇ ਹਨ।

ਬਰਤਾਨਵੀ ਸਰਕਾਰ ਸਮੇਂ ਪੰਜਾਬ ਦੇ ਕਿਸਾਨਾਂ ਵਿੱਚ ਕਰਜ਼ੇ ਦੀ ਸਮੱਸਿਆ ਬਾਰੇ ਐੱਮ. ਐੱਲ. ਡਾਰਲਿੰਗ ਦੁਆਰਾ ਕੀਤਾ ਅਧਿਐਨ ਦਰਸਾਉਂਦਾ ਹੈ ਕਿ 'ਪੰਜਾਬ ਦਾ ਕਿਸਾਨ ਕਰਜ਼ੇ ਵਿੱਚ ਜੰਮਦਾ, ਕਰਜ਼ੇ ਵਿੱਚ ਪਲ਼ਦਾ ਅਤੇ ਕਰਜ਼ਾ ਛੱਡ ਕੇ ਮਰ ਜਾਂਦਾ ਹੈ'। ਇਹ ਗੱਲ 1920ਵਿਆਂ ਦੀ ਸੀ। ਹਰੇ ਇਨਕਲਾਬ ਦੇ ਆਉਣ ਤੋਂ ਲਗਪਗ ਦੋ ਦਹਾਕੇ ਬਾਅਦ ਇਸ ਤਰ੍ਹਾਂ ਦਾ ਰੁਝਾਨ ਪੂਰੀ ਤਰ੍ਹਾਂ ਲਾਗੂ ਨਹੀਂ ਰਿਹਾ। ਸੱਤਰਵਿਆਂ ਅਤੇ ਅੱਸੀਵਿਆਂ ਦੌਰਾਨ ਕਿਸਾਨਾਂ ਸਿਰ ਕਰਜ਼ਾ ਉਨ੍ਹਾਂ ਦੀ ਸਾਲਾਨਾ ਆਮਦਨ ਤੋਂ ਘੱਟ ਹੁੰਦਾ ਸੀ। ਭਾਵ ਫ਼ਸਲ ਵੇਚਕੇ ਉਹ ਆਪਣੇ ਲੈਣੇ-ਦੇਣੇ ਦਾ ਹਿਸਾਬ ਕਰਕੇ ਕੁਝ ਪੈਸੇ ਬਚਾ ਲੈਂਦੇ ਸਨ ਜਿਨ੍ਹਾਂ ਨਾਲ਼ ਉਹ ਅਗਲੀ ਫ਼ਸਲ ਦੇ ਖਰਚੇ, ਘਰੇਲੂ ਲੋੜਾਂ ਜਾਂ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਵਿਆਹ-ਸ਼ਾਦੀਆਂ ਅਤੇ ਘਰ ਦੀ ਹੋਰ ਕਬੀਲਦਾਰੀ ਪੂਰੀ ਕਰਦੇ ਸਨ। ਬਸ ਫ਼ਸਲ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਉਹ ਉਧਾਰ ਚੁੱਕਣਾ ਸ਼ੁਰੂ ਕਰਦੇ ਸਨ। ਪ੍ਰੰਤੂ 1990 ਤੋਂ ਬਾਅਦ ਹਾਲਤ ਫਿਰ 1920ਵਿਆਂ ਵਾਲ਼ੀ ਹੀ ਹੋ ਗਈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਹੁਣ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ 'ਚ ਪਲ਼ਦਾ ਅਤੇ ਕਰਜ਼ੇ 'ਕਰਕੇ' ਹੀ ਮਰਦਾ ਹੈ।ਪੰਜਾਬ ਦੀ ਕਿਸਾਨੀ ਦਾ ਕਰਜ਼ਾ 1991 ਵਿੱਚ 784 ਕਰੋੜ ਰੁਪਏ, 1997 ਵਿੱਚ 5700 ਕਰੋੜ, 2003 ਵਿੱਚ 9886 ਕਰੋੜ, 2006 ਵਿੱਚ 21064 ਕਰੋੜ ਅਤੇ ਹੁਣ ਇਹ ਵਧ ਕੇ ਲਗਪਗ 23000 ਕਰੋੜ ਰੁਪਏ ਹੋ ਗਿਆ ਹੈ। ਇਸ ਕਰਜ਼ੇ ਵਿੱਚੋਂ 64 ਪ੍ਰਤੀਸ਼ਤ ਕਰਜ਼ਾ ਬੈਂਕਾਂ ਦਾ ਅਤੇ 36 ਪ੍ਰਤੀਸ਼ਤ ਕਰਜ਼ਾ ਆੜਤੀਆਂ ਦਾ ਹੈ।ਪੰਜਾਬ ਦੀ ਕਿਸਾਨੀ ਦਾ ਲਗਪਗ 89 ਪ੍ਰਤੀਸ਼ਤ ਹਿੱਸਾ ਕਰਜ਼ਈ ਹੈ। ਨਰਮੇ ਦੀ ਫ਼ਸਲ ਅਮਰੀਕਨ ਸੁੰਡੀ ਦੇ ਹਮਲੇ ਕਰਕੇ 5-6 ਸਾਲ ਲਗਾਤਾਰ ਫੇਲ੍ਹ ਹੁੰਦੀ ਰਹੀ ਜਿਸ ਕਰਕੇ ਇਥੋਂ ਦੇ ਕਿਸਾਨਾਂ ਦਾ ਲਗਪਗ 94 ਪ੍ਰਤੀਸ਼ਤ ਹਿੱਸਾ ਕਰਜ਼ਈ ਹੈ। ਇਸ ਦੇ ਉਲਟ ਕੰਢੀ ਏਰੀਏ ਦੇ ਸਿਰਫ਼ 68 ਪ੍ਰਤੀਸ਼ਤ ਕਿਸਾਨ ਹੀ ਕਰਜ਼ਈ ਹਨ। ਪੰਜਾਬ ਦੇ ਜਿਹੜੇ 11 ਪ੍ਰਤੀਸ਼ਤ ਕਿਸਾਨ ਕਰਜ਼ੇ ਦੀ ਮਾਰ ਤੋਂ ਬਚੇ ਹਨ ਉਹ ਮੁੱਖ ਰੂਪ ਵਿੱਚ ਉਹ ਪਰਿਵਾਰ ਹਨ ਜਿਨ੍ਹਾਂ ਨੂੰ ਖੇਤੀ ਤੋਂ ਬਾਹਰ ਕਿਸੇ ਹੋਰ ਸਾਧਨ ਤੋਂ ਆਮਦਨ ਹੁੰਦੀ ਹੈ। ਇਹ ਸ਼ੁੱਧ ਕਿਸਾਨ ਨਹੀਂ ਹਨ। ਸਪਸ਼ਟ ਹੈ ਕਿ ਪੰਜਾਬ ਦੀ ਸਮੁੱਚੀ ਕਿਸਾਨੀ ਅੱਜ ਕਰਜ਼ੇ ਦੇ ਜਾਲ ਵਿੱਚ ਫਸੀ ਹੋਈ ਹੈ। ਪੰਜਾਬ ਦੇ ਔਸਤਨ ਕਿਸਾਨ ਪਰਿਵਾਰ ਸਿਰ ਦੋ ਲੱਖ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਜ਼ਮੀਨ ਦੇ ਹਰ ਏਕੜ ਸਿਰ ਔਸਤਨ 20 ਹਜ਼ਾਰ ਰੁਪਏ ਤੋਂ ਵੱਧ ਕਰਜ਼ਾ ਹੈ। ਜਿੱਥੇ ਨਰਮਾ ਪੱਟੀ ਦੇ ਕਿਸਾਨਾਂ ਦੀ ਵੱਡੀ ਗਿਣਤੀ ਕਰਜ਼ੇ ਥੱਲੇ ਹੈ ਉਥੇ ਇਨ੍ਹਾਂ ਕਿਸਾਨਾਂ ਸਿਰ ਕਰਜ਼ੇ ਦੀ ਰਕਮ ਵੀ ਸਭ ਤੋਂ ਜ਼ਿਆਦਾ (3 ਲੱਖ ਪ੍ਰਤੀ ਪਰਿਵਾਰ) ਹੈ ਜਦਕਿ ਇਹ ਰਕਮ ਕੇਂਦਰੀ ਪੰਜਾਬ ਵਿਚ ਪੌਣੇ ਦੋ ਲੱਖ ਅਤੇ ਕੰਢੀ ਏਰੀਏ ਦੇ ਕਿਸਾਨਾਂ ਸਿਰ ਸਿਰਫ਼ 55 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਹੈ। ਨਰਮਾ ਪੱਟੀ ਦੇ ਸਿਰਫ ਛੋਟੇ ਕਿਸਾਨਾਂ ਦਾ ਔਸਤਨ ਕਰਜ਼ਾ ਹੀ ਕੰਢੀ ਦੇ ਸਾਰੇ ਕਿਸਾਨਾਂ ਦੇ ਔਸਤਨ ਕਰਜ਼ੇ ਤੋਂ ਜ਼ਿਆਦਾ ਹੈ। ਸਪਸ਼ਟ ਹੈ ਕਿ ਪੂੰਜੀ ਉਤਸ਼ਾਹਤ ਖੇਤੀ ਤਕਨੀਕ ਜ਼ਿਆਦਾ ਕਰਜ਼ੇ ਨੂੰ ਜਨਮ ਦਿੰਦੀ ਹੈ।

ਕਰਜ਼ੇ ਥੱਲੇ ਕਿੰਨੇ ਪ੍ਰਤੀਸ਼ਤ ਲੋਕ ਹਨ ਜਾਂ ਉਨ੍ਹਾਂ ਸਿਰ ਕਿੰਨਾ ਕਰਜ਼ਾ ਹੈ, ਇਸ ਨਾਲੋਂ ਵੀ ਵੱਧ ਮਹੱਤਵਪੂਰਨ ਇਹ ਹੈ ਕਿ ਕਰਜ਼ੇ ਦੀ ਤੀਬਰਤਾ ਅਤੇ ਕਿਸਾਨਾਂ 'ਤੇ ਤਣਾਓ ਕਿੰਨਾ ਹੈ? ਇਨ੍ਹਾਂ ਸਵਾਲਾਂ ਦੇ ਢੁਕਵੇਂ ਜਵਾਬਾਂ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਕਿਸਾਨਾਂ ਦੀ ਆਮਦਨ ਅਤੇ ਕਰਜ਼ੇ ਵਿੱਚ ਕੀ ਸਬੰਧ ਹੈ। ਸਮੁੱਚੇ ਪੰਜਾਬ ਦੇ ਕਿਸਾਨਾਂ ਦੀ ਸਾਲਾਨਾ ਆਮਦਨ ਦਾ 64 ਪ੍ਰਤੀਸ਼ਤ ਹਿੱਸਾ ਕਰਜ਼ਾ ਹੈ। ਇਹ ਕਰਜ਼ਾ ਦਰਮਿਆਨੇ ਅਤੇ ਛੋਟੇ ਕਿਸਾਨਾਂ, ਜਿਨ੍ਹਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ, ਦੀ 85 ਪ੍ਰਤੀਸ਼ਤ ਆਮਦਨ ਤੋਂ ਵੱਧ ਕਰਜ਼ਾ ਹੈ। ਜਦੋਂ ਕਿ ਵੱਡੇ ਕਿਸਾਨਾਂ ਦੀ ਸਾਲਾਨਾ ਆਮਦਨ ਦਾ ਲਗਪਗ 50 ਪ੍ਰਤੀਸ਼ਤ ਕਰਜ਼ਾ ਹੈ। ਰਾਜ ਵਿਚ 28 ਪ੍ਰਤੀਸ਼ਤ ਕਿਸਾਨ ਇਹੋ ਜਿਹੇ ਹਨ ਜਿਨ੍ਹਾਂ ਦੇ ਪਰਿਵਾਰ ਦੀ ਇੱਕ ਸਾਲ ਦੀ ਆਮਦਨ ਤੋਂ ਜ਼ਿਆਦਾ ਕਰਜ਼ਾ ਹੈ। ਇਹ ਕਿਸਾਨ 'ਆਰਥਕ ਤਣਾਓ' ਦਾ ਸ਼ਿਕਾਰ ਹਨ। ਇਸ ਤੋਂ ਵੀ ਵੱਧ, ਪੰਜਾਬ ਦੇ 13 ਪ੍ਰਤੀਸ਼ਤ ਕਿਸਾਨ ਇਹੋ ਜਿਹੇ ਹਨ ਜਿਨ੍ਹਾਂ ਦਾ ਕਰਜ਼ਾ ਉਨ੍ਹਾਂ ਦੀ 2 ਸਾਲ ਦੀ ਆਮਦਨ ਤੋਂ ਵੀ ਜ਼ਿਆਦਾ ਹੈ, ਜਿਹੜੇ 'ਅਸਹਿ ਤਣਾਓ' ਵਿਚੋਂ ਗੁਜ਼ਰ ਰਹੇ ਹਨ। ਇਸ ਵਰਗ ਵਿਚ 19 ਪ੍ਰਤੀਸ਼ਤ ਛੋਟੇ ਅਤੇ ਸੀਮਾਂਤਕ ਕਿਸਾਨ ਆਉਂਦੇ ਹਨ। ਇਹ ਕਿਸਾਨ ਮਾਨਸਿਕ ਅਤੇ ਆਰਥਕ ਤਣਾਓ ਦੇ ਸ਼ਿਕਾਰ ਹਨ ਜਿਹਨਾਂ ਵਿਚੋਂ ਕੁਝ ਤਾਂ ਖੇਤੀ 'ਚੋਂ ਕਿਨਾਰਾ ਕਰ ਲੈਂਦੇ ਹਨ ਅਤੇ ਕੁਝ ਇਨ੍ਹਾਂ ਘੋਰ ਹਾਲਤਾਂ ਦਾ ਮੁਕਾਬਲਾ ਨਾ ਕਰਦੇ ਹੋਏ ਆਪਣੀ ਜੀਵਨ-ਲੀਲਾ ਖਤਮ ਕਰ ਬੈਠਦੇ ਹਨ। ਪੰਜਾਬ ਵਿੱਚ 1991 ਤੋਂ ਬਾਅਦ ਕੁੱਲ 5 ਲੱਖ ਛੋਟੇ ਕਿਸਾਨਾਂ ਵਿੱਚੋ 2 ਲੱਖ ਖੇਤੀ ਛੱਡ ਚੁੱਕੇ ਹਨ ਜਿਨ੍ਹਾਂ ਵਿੱਚੋਂ ਲਗਪਗ 43 ਹਜ਼ਾਰ ਉਜ਼ਰਤੀ ਮਜਦੂਰ ਬਣ ਚੁੱਕੇ ਹਨ।ਪਿਛਲੇ ਇੱਕ ਦਹਾਕੇ ਵਿੱਚ ਸਮੁੱਚੇ ਭਾਰਤ 'ਚ 2.50 ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ।ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕੀਤੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਪਿਛਲੇ 11 ਸਾਲਾਂ ਦੌਰਾਨ ਪੰਜਾਬ ਦੇ ਪੇਂਡੂ ਖੇਤਰ ਵਿੱਚ 6926 ਖੁਦਕੁਸ਼ੀਆਂ ਹੋ ਚੁੱਕੀਆਂ ਹਨ ਜਿੰਨ੍ਹਾਂ ਵਿੱਚੋਂ 3954 ਕਿਸਾਨ ਅਤੇ 2972 ਖੇਤ ਮਜ਼ਦੂਰ ਸਨ।

**ਸੰਕਟ ਦੇ ਕਾਰਨ**

ਖੇਤੀ ਸੰਕਟ ਦਾ ਮੂਲ ਕਾਰਨ ਦੇਸੀ-ਵਿਦੇਸ਼ੀ ਕੰਪਨੀਆਂ ਦਾ ਖੇਤੀਬਾੜੀ ਵਿੱਚ ਵਰਤੀਆਂ ਜਾਂਦੀਆਂ ਲਾਗਤਾਂ (ਇਨਪੁਟਸ) ਉੱਪਰ ਇਜ਼ਾਰੇਦਾਰੀ ਹੋਣਾ ਹੈ ਅਤੇ ਕੰਬਾਈਨਾਂ, ਟਰੈਕਟਰ ਭਾਵ ਖੇਤੀ ਸੰਦਾਂ ਅਤੇ ਖੇਤੀ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦੇ ਭਾਅ ਮਿਥਣ ਵਿੱਚ ਇਨ੍ਹਾਂ ਕੰਪਨੀਆਂ ਦੀ ਹੀ ਇਜ਼ਾਰੇਦਾਰੀ ਹੈ ਅਤੇ ਇਨ੍ਹਾਂ ਉੱਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਹ ਕੰਪਨੀਆਂ ਲਗਾਤਾਰ ਆਪਣੇ ਮਾਲ ਦੀਆਂ ਕੀਮਤਾਂ ਵਧਾ ਰਹੀਆਂ ਹਨ। ਇਸ ਕਰਕੇ ਖੇਤੀ ਖਰਚਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ।ਇਸ ਦੇ ਉਲਟ ਖੇਤੀ ਦੀਆਂ ਮੁੱਖ ਫਸਲਾਂ ਦਾ ਭਾਅ ਸਰਕਾਰ ਮਿਥਦੀ ਹੈ ਜਿਹੜਾ ਕਿ ਕੀਮਤ ਸੂਚਕ ਤੋਂ ਘੱਟ ਹੁੰਦਾ ਹੈ, ਜਿਸ ਨਾਲ ਖੇਤੀ ਖਰਚਿਆਂ ਦੇ ਵਾਧੇ ਦੇ ਸੰਦਰਭ 'ਚ ਫ਼ਸਲਾਂ ਦੇ ਭਾਵਾਂ ਵਿੱਚ ਖੜੋਤ/ਗਿਰਾਵਟ ਆਈ ਹੈ। ਸਾਲ 2001 ਤੋਂ 2005 ਤੱਕ ਕਣਕ ਦੀਆਂ ਕੀਮਤਾਂ ਵਿੱਚ ਵਾਧਾ ਸਿਰਫ਼ 1.5 ਪ੍ਰਤੀਸ਼ਤ ਸਲਾਨਾ ਅਤੇ ਝੋਨੇ ਦੀਆਂ ਕੀਮਤਾਂ ਵਿੱਚ ਵਾਧਾ 2.5 ਪ੍ਰਤੀਸ਼ਤ ਸਲਾਨਾ ਹੋਇਆ ਜਦੋਂ ਕਿ ਇਸੇ ਸਮੇਂ ਦੌਰਾਨ ਇਨ੍ਹਾਂ ਫ਼ਸਲਾਂ ਦੀਆਂ ਲਾਗਤਾਂ ਵਿੱਚ ਵਾਧਾ ਲਗਪਗ 7-9 ਪ੍ਰਤੀਸ਼ਤ



ਸਲਾਨਾ ਹੋਇਆ । ਇਸ ਤੋਂ ਵੀ ਅੱਗੇ ਜਿਵੇਂ ਉੱਪਰ ਦੱਸਿਆ ਹੈ ਕਿ ਇਸੇ ਸਮੇਂ ਦੌਰਾਨ ਝੋਨੇ ਅਤੇ ਕਣਕ ਦੇ ਝਾੜ ਵਿੱਚ ਖੜੋਤ/ਗਿਰਾਵਟ ਵੀ ਆਈ ਅਤੇ ਨਰਮੇ ਦੀ ਫ਼ਸਲ ਅਮਰੀਕਨ ਸੁੰਡੀ ਅਤੇ ਬੀਮਾਰੀਆਂ ਦੇ ਹਮਲੇ ਨਾਲ 5-6 ਸਾਲ ਲਗਾਤਾਰ ਤਬਾਹ ਹੁੰਦੀ ਰਹੀ।ਉਪਰੋਂ ਨਕਲੀ ਦਵਾਈਆਂ ਅਤੇ ਘਟੀਆਂ ਬੀਜਾਂ ਨੇ ਕਿਸਾਨਾਂ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ।

ਖੇਤੀ ਸੈਕਟਰ ਵਿੱਚ ਮਿਲਣ ਵਾਲੇ ਰੁਜ਼ਗਾਰ ਦਾ ਲਗਾਤਾਰ ਘਟਣਾ ਖੇਤੀ ਸੰਕਟ ਦਾ ਅਹਿਮ ਸਿੱਟਾ ਹੈ। ਖੇਤੀਬਾੜੀ ਵਿੱਚ ਮਸ਼ੀਨੀਕਰਨ ਦੀ ਆਮਦ ਨੇ ਕਿਰਤੀਆਂ ਦਾ ਰੋਜ਼ਗਾਰ ਖੋ ਲਿਆ ਜਿਸ ਕਰਕੇ ਖੇਤੀਬਾੜੀ ਵਿੱਚੋਂ ਮਿਲਣ ਵਾਲਾ ਰੁਜ਼ਗਾਰ ਕਾਫੀ ਘਟ ਗਿਆ। ਜਿੱਥੇ 1972-73 ਵਿੱਚ ਇਹ ਸੈਕਟਰ 74 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ ਉੱਥੇ 1993-94 ਵਿੱਚ 64 ਪ੍ਰਤੀਸ਼ਤ ਲੋਕਾਂ ਨੂੰ ਅਤੇ 2011 ਵਿੱਚ ਸਿਰਫ 54.5 ਪ੍ਰਤੀਸ਼ਤ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ।ਅੱਜ ਪੰਜਾਬ ਵਿੱਚ ਕੁੱਲ ਕਿਰਤ ਸ਼ਕਤੀ 99 ਲੱਖ ਹੈ ਜਿਸ ਵਿੱਚੋਂ ਸਿਰਫ 29.7 ਲੱਖ ਹੀ ਖੇਤੀ ਵਿੱਚ ਲੱਗੇ ਹੋਏ ਹਨ।ਇਥੇ ਹੀ ਬੱਸ ਨਹੀਂ ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਗੈਰ-ਖੇਤੀਬਾੜੀ ਧੰਦਿਆਂ ਦੇ ਲੋਕਾਂ ਦੀ ਉਤਪਾਦਕਤਾ ਖੇਤੀ ਕਾਮਿਆਂ ਨਾਲੋਂ ਵੱਧ ਹੀ ਨਹੀਂ ਸਗੋਂ ਲਗਾਤਾਰ ਵਧ ਰਹੀ ਹੈ।ਜਿੱਥੇ ਇਹ ਉਤਪਾਦਕਤਾ 1972-73 ਵਿੱਚ 3.92 ਗੁਣਾ ਸੀ ਉਥੇ ਮੌਜੂਦਾ ਸਮੇਂ ਵਿੱਚ ਵਧ ਕੇ 5.12 ਹੋ ਗਈ ਹੈ।

ਖੇਤੀ ਸੰਕਟ ਦਾ ਅਗਲਾ ਕਾਰਨ ਹੈ ਖੇਤੀ ਸੈਕਟਰ ਦੇ ਵਿਕਾਸ ਦੀ ਦਰ ਦਾ ਘਟਣਾ। ਭਾਰਤੀ ਆਰਥਿਕਤਾ ਦੇ ਸਾਰੇ ਸੈਕਟਰਾਂ ਜਿਨ੍ਹਾਂ ਵਿੱਚ ਖੇਤੀ, ਉਦਯੋਗ ਅਤੇ ਸੇਵਾਵਾਂ ਸ਼ਾਮਿਲ ਹਨ, ਦੀ ਵਿਕਾਸ ਦਰ ਵੇਖਣ ਤੋਂ ਪਤਾ ਲੱਗਦਾ ਹੈ ਕਿ ਖੇਤੀ ਸੈਕਟਰ ਦੇ ਵਿਕਾਸ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ। ਅੱਸੀਵਿਆਂ ਦੌਰਾਨ ਖੇਤੀ ਸੈਕਟਰ ਦੀ ਵਿਕਾਸ ਦਰ 3.08 ਸੀ ਜੋ 2002-07 ਦੌਰਾਨ ਘੱਟਕੇ ਸਿਰਫ਼ 2.1 ਪ੍ਰਤੀਸ਼ਤ ਅਤੇ 2007-12 ਵਿੱਚ ਵਧਕੇ 3.6 ਪ੍ਰਤੀਸ਼ਤ ਹੋ ਗਈ ਪ੍ਰੰਤੂ ਇਸੇ ਸਮੇਂ ਦੌਰਾਨ ਪੰਜਾਬ ਦੇ ਖੇਤੀ ਸੈਕਟਰ ਦੀ ਵਿਕਾਸ ਦਰ 2.28 ਪ੍ਰਤੀਸ਼ਤ ਸੀ ਜੋ ਘੱਟਕੇ ਸਿਰਫ਼ 1.89 ਪ੍ਰਤੀਸ਼ਤ ਹੀ ਰਹਿ ਗਈ ਹੈ।ਇਸੇ ਤਰਾਂ ਦੇਸ਼ ਦੀ ਕੁੱਲ ਘਰੇਲੂ ਉਤਪਾਦ ਵਿੱਚੋਂ ਖੇਤੀ ਸੈਕਟਰ ਦਾ ਹਿੱਸਾ ਲਗਾਤਾਰ ਘੱਟ ਰਿਹਾ ਹੈ।ਜਿਥੇ ਇਹ ਹਿੱਸਾ 1951 ਵਿੱਚ 57 ਪ੍ਰਤੀਸ਼ਤ ਸੀ, ਉਥੇ ਹੁਣ ਘਟਕੇ ਸਿਰਫ 13.9 ਪ੍ਰਤੀਸ਼ਤ ਹੀ ਰਹਿ ਗਿਆ ਹੈ। ਪ੍ਰੰਤੂ ਪੰਜਾਬ ਦੇ ਖੇਤੀ ਸੈਕਟਰ ਦਾ ਹਿੱਸਾ 21.84 ਪ੍ਰਤੀਸ਼ਤ ਹੈ।ਸਾਫ਼ ਹੈ ਕਿ ਖੇਤੀਬਾੜੀ ਦੇ ਵਿਕਾਸ ਦਰ ਅਤੇ ਕੁੱਲ ਘਰੇਲੂ ਉਤਪਾਦ ਵਿੱਚੋਂ ਖੇਤੀ ਦੀ ਪ੍ਰਤੀਸ਼ਤਤਾ ਵਿੱਚ ਆਈ ਕਮੀ ਨਾਲ ਖੇਤੀ ਤੇ ਨਿਰਭਰ ਵਸੋਂ ਦੀ ਸ਼ੁੱਧ ਆਮਦਨ ਦਾ ਘਟਣਾ ਲਾਜ਼ਮੀ ਹੈ।

ਆਮਦਨ-ਖ਼ਰਚ ਦੇ ਪਾੜੇ ਨੇ ਵੀ ਖੇਤੀ ਸੰਕਟ ਨੂੰ ਡੂੰਘਾ ਕੀਤਾ ਹੈ ।ਦੇਸ਼ ਦੇ ਛੋਟੇ ਕਿਸਾਨਾਂ ਦੀ ਆਮਦਨ ਉਨ੍ਹਾਂ ਦੇ ਖ਼ਰਚ ਨਾਲੋਂ ਕਾਫ਼ੀ ਘੱਟ ਹੈ। ਇਸੇ ਕਰਕੇ ਇਹ ਕਰਜ਼ੇ ਦੇ ਜਾਲ ਵਿੱਚ ਫ਼ਸੇ ਹੋਏ ਹਨ। ਨੈਸ਼ਨਲ ਸੈਂਪਲ ਸਰਵੇ ਸੰਗਠਨ ਦੇ ਅੰਕੜਿਆਂ ਅਨੁਸਾਰ ਸੀਮਾਂਤਕ ਕਿਸਾਨ ਦੀ ਆਮਦਨ 1617 ਰੁਪਏ ਮਹੀਨਾ ਹੈ ਜਦੋਂ ਕਿ ਇਨ੍ਹਾਂ ਦਾ ਖਰਚਾ 2453 ਰੁਪਏ ਮਹੀਨਾ ਹੈ । ਇਸੇ ਤਰ੍ਹਾਂ ਛੋਟੇ ਕਿਸਾਨਾਂ ਦੀ ਆਮਦਨ 2493 ਰੁਪਏ ਮਹੀਨਾ ਹੈ ਜਦੋਂ ਕਿ ਇਨ੍ਹਾਂ ਦਾ ਖ਼ਰਚ 3148 ਰੁਪਏ ਮਹੀਨਾ ਹੈ। ਇਥੋਂ ਤੱਕ ਕਿ ਮਧਲੇ ਕਿਸਾਨ ਦੀ ਆਮਦਨ ਦਾ ਪੱਧਰ ਉਨ੍ਹਾਂ ਦੇ ਖ਼ਰਚ ਨਾਲੋਂ ਕੁਝ ਘੱਟ ਹੈ। ਇਸ ਦੇ ਉਲਟ ਵੱਡੇ ਕਿਸਾਨਾਂ ਦੀ ਆਮਦਨ ਦਾ ਪੱਧਰ ਉਹਨਾਂ ਦੇ ਖ਼ਰਚ ਨਾਲੋਂ ਲਗਪਗ ਡੇਢਾ ਹੈ। ਜਿੱਥੇ 25 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਆਮਦਨ 9667 ਰੁਪਏ ਮਹੀਨਾ ਹੈ, ਉਥੇ ਇਨ੍ਹਾਂ ਦਾ ਖ਼ਰਚ ਸਿਰਫ਼ 6418 ਰੁਪਏ ਮਹੀਨਾ ਹੈ। ਭਾਰਤ ਵਿੱਚ ਵੱਡੀ ਗਿਣਤੀ ਛੋਟੇ ਕਿਸਾਨਾਂ ਦੀ ਹੀ ਹੈ। ਇਥੇ 71 ਪ੍ਰਤੀਸ਼ਤ ਸੀਮਾਂਤਕ ਕਿਸਾਨ ਅਤੇ ਲਗਪਗ 17 ਪ੍ਰਤੀਸ਼ਤ ਛੋਟੇ ਕਿਸਾਨ ਹਨ ਜਦੋਂ ਕਿ ਵੱਡੇ ਕਿਸਾਨਾਂ ਦੀ ਪ੍ਰਤੀਸ਼ਤਤਾ ਕਾਫੀ ਘੱਟ ਹੈ ।ਭਾਰਤ ਦੇ ਉਲਟ ਪੰਜਾਬ ਵਿੱਚ ਛੋਟੀ ਕਿਸਾਨੀ ਦੀ ਗਿਣਤੀ ਘਟ ਰਹੀ ਹੈ। ਇਸ ਕਰਕੇ ਜੋਤ ਦਾ ਆਕਾਰ ਵੱਡਾ ਹੋ ਰਿਹਾ ਹੈ। ਜ਼ਮੀਨ ਦਾ ਜਿਆਦਾ ਵੱਡੇ ਕਿਸਾਨਾਂ ਕੋਲ ਹੋਣ ਕਰਕੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ/ ਰਾਹਤਾਂ ਜਾਂ ਸਹੂਲਤਾਂ ਦਾ ਵੱਡਾ ਫਾਇਦਾ ਵੀ ਵੱਡੇ ਕਿਸਾਨਾਂ ਨੂੰ ਹੀ ਪਹੁੰਚਦਾ ਹੈ ।ਬਿਜਲੀ, ਸਿੰਚਾਈ, ਖਾਦਾਂ ਦੀ ਸਬਸਿਡੀ ਦਾ ਛੋਟੀ ਕਿਸਾਨੀ ਜੋ ਕਿ ਕੁੱਲ ਕਿਸਾਨੀ ਦਾ 34 ਪ੍ਰਤੀਸ਼ਤ ਹੈ, ਨੂੰ ਮਹਿਜ਼ 6 ਪ੍ਰਤੀਸ਼ਤ ਹਿੱਸਾ ਹੀ ਮਿਲਦਾ ਹੈ। ਸਪੱਸਟ ਹੈ ਕਿ ਛੋਟੀ ਕਿਸਾਨੀ ਘੱਟ ਜ਼ਮੀਨ, ਘੱਟ ਆਮਦਨ ਅਤੇ ਘੱਟ ਰਾਹਤਾਂ ਕਰਕੇ ਘੋਰ ਸੰਕਟ ਵਿੱਚ ਗ੍ਰਸਤ ਹੈ ।

ਉਪਰੋਕਤ ਕਾਰਨਾਂ ਤੋਂ ਇਲਾਵਾ ਨਿੱਜੀਕਰਨ ਕਰਕੇ ਸਿਹਤ ਸੇਵਾਵਾਂ, ਵਿਦਿਆ ਅਤੇ ਰੋਜ਼ਮਰਾ ਲੋੜਾਂ ਦੀ ਮਹਿਗਾਈ ਨੇ ਕਿਸਾਨਾਂ ਦੀ ਹਾਲਤ ਹੋਰ ਤਰਸਯੋਗ ਬਣਾ ਦਿੱਤੀ ਹੈ। ਮਹਿੰਗੀ ਵਿੱਦਿਆ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣ ਕਰਕੇ ਕਿਸਾਨ ਅਤੇ ਹੋਰ ਪੇਂਡੂ ਤਬਕੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਨਹੀਂ ਦਿਵਾ ਸਕਦੇ ਜਿਸ ਕਾਰਨ ਉਨ੍ਹਾਂ ਦੇ ਬੱਚੇ ਰੁਜ਼ਗਾਰ ਦੇ ਮੌਕਿਆਂ ਤੋਂ ਬਾਂਝੇ ਹੋ ਰਹੇ ਹਨ।ਖੇਤੀ ਆਰਥਿਕਤਾ ਦੇ ਮੰਡੀਕਰਨ ਹੋਣ ਨਾਲ ਪੇਂਡੂ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਹੋ ਗਈਆਂ ਜਿਸ ਕਰਕੇ ਭਾਈਚਾਰਕ ਹਮਦਰਦੀ ਅਤੇ ਸਮਾਜਿਕ ਮਦਦ ਵਾਲਾ ਢਾਂਚਾ ਖੇਰੂ-ਖੇਰੂ ਹੋ ਗਿਆ। ਜਿਸ ਨਾਲ ਕਿਸਾਨ ਸਮਾਜ ਤੋਂ ਟੁੱਟਿਆ ਹੋਇਆ ਮਹਿਸੂਸ ਕਰਨ ਲੱਗ ਪਿਆ । ਇਨ੍ਹਾਂ ਹਾਲਤਾਂ ਨੇ ਸਮੁੱਚੇ ਦੇਸ਼ ਅੰਦਰ ਕਿਸਾਨਾਂ ਨੂੰ ਖੁਦਕੁਸ਼ੀ ਦੇ ਰਸਤੇ 'ਤੇ ਚੱਲਣ ਲਈ ਮਜਬੂਰ ਕਰ ਦਿੱਤਾ।

**ਸੰਕਟ ਦਾ ਹੱਲ**

ਖੇਤੀ ਸੰਕਟ ਦਾ ਹੱਲ ਕਰਨ ਲਈ ਸਭ ਤੋਂ ਪਹਿਲਾ ਚੁੱਕੇ ਜਾਣ ਵਾਲਾ ਕਦਮ ਇਹ ਬਣਦਾ ਹੈ ਕਿ ਕਿਸਾਨਾਂ ਸਿਰ ਕਰਜੇ ਦਾ ਬੋਝ ਘਟਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਜ਼ੇ ਦੀ ਵਾਪਸੀ ਲਈ ਇਸ ਕਰਜ਼ੇ ਨੂੰ ਲੰਬੇ ਸਮੇਂ ਦੇ ਕਰਜ਼ੇ ਵਿਚ ਤਬਦੀਲ ਕਰ ਦੇਵੇ ਅਤੇ ਇਸ ਕਰਜ਼ੇ ਨੂੰ ਬਿਨਾ ਕਿਸੇ ਵਿਆਜ ਤੋਂ 20 ਸਾਲਾਂ ਦੀਆਂ ਆਸਾਨ ਕਿਸ਼ਤਾਂ ਵਿੱਚ ਵਾਪਸ ਲਿਆ ਜਾਵੇ। ਇਸੇ ਤਰ੍ਹਾਂ ਆੜ੍ਹਤੀਆਂ ਦੇ ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਇੱਕ ਆਰਡੀਨੈਂਸ ਜਾਰੀ ਕਰੇ ਤੇ ਆੜ੍ਹਤੀਆਂ ਤੋਂ ਕਿਸਾਨਾਂ ਦੇ ਕਰਜ਼ੇ ਦਾ ਹਿਸਾਬ- ਕਿਤਾਬ ਮੰਗੇ। ਕਿਸਾਨਾਂ ਨੂੰ ਲੰਬੇ ਸਮੇਂ ਦਾ ਸਰਕਾਰੀ ਕਰਜ਼ਾ ਮੁਹੱਈਆ ਕੀਤਾ ਜਾਵੇ ਅਤੇ ਇਸ ਪੈਸੇ ਨਾਲ਼ ਆੜ੍ਹਤੀਆਂ ਦੇ ਕਰਜ਼ੇ ਵਾਪਸ ਕੀਤੇ ਜਾਣ ਅਤੇ ਕਿਸਾਨਾਂ ਤੋਂ ਲੰਬੇ ਸਮੇਂ ਵਿੱਚ ਬਿਨਾ ਵਿਆਜ਼ ਲਗਾਏ ਅਤੇ ਆਸਾਨ ਕਿਸ਼ਤਾਂ 'ਤੇ ਕਰਜਾ ਵਾਪਸ ਲਿਆ ਜਾਵੇ।ਅੱਗੇ ਵਾਸਤੇ ਆੜ੍ਹਤੀ ਪ੍ਰਬੰਧ ਨੂੰ ਖ਼ਤਮ ਕੀਤਾ ਜਾਵੇ ਅਤੇ ਵਿੱਤੀ ਲੈਣ-ਦੇਣ ਦਾ ਕੰਮ ਬੈਂਕਾਂ, ਮਾਰਕਫੈੱਡ ਅਤੇ ਹੋਰ ਸਹਿਕਾਰੀ ਅਦਾਰਿਆਂ ਰਾਹੀਂ ਕੀਤਾ ਜਾਵੇ।



**ਮੈਂ ਕਈ ਵਾਰੀ ਆਪਣੇ ਆਪ ਨੂੰ ਖੁਸ਼ ਕਿਸਮਤ ਵੀ ਸਮਝਦਾ ਹਾਂ ਕਿ ਮੈਂ ਮਿੱਟੀ ਨਾਲ ਮਿੱਟੀ ਹੋ ਕੇ ਸੋਨਾ ਉਗਾਉਂਦਾ ਹਾਂ। ਮੇਰੇ ਚਿਹਰੇ 'ਤੇ ਇਕ ਵਾਰੀ ਤਾਂ ਹਰਿਆਲੀ ਨੂੰ ਦੇਖ ਕੇ ਰੌਣਕ ਆ ਜਾਂਦੀ ਹੈ ਪਰ ਜਦੋਂ ਮੈਂ ਆਪਣੇ ਤਨ ਢਕਣ ਬਾਰੇ ਸੋਚਦਾ ਹਾਂ ਅਤੇ ਆਪਣੇ ਖੂਨ ਪਸੀਨੇ ਦੀ ਸਥਿਤੀ ਵੱਲ ਦੇਖਦਾ ਹਾਂ ਤਾਂ ਮੈਨੂੰ ਇੰਝ ਜਾਪਣ ਲੱਗ ਜਾਂਦਾ ਹੈ ਕਿ ਮੈਂ ਇਕ ਹੱਡੀਆਂ ਦੀ ਮੁੱਠ ਹੋਵਾਂ ਜਿਸ ਦੇ ਸਮੁੱਚੇ ਖੂਨ ਦੀਆਂ ਤੰਦਾਂ ਅਤੇ ਹਰਿਆਲੀ ਵੱਡੇ ਕਾਰਪੋਰੇਟ ਘਰਾਣਿਆਂ ਦੇ ਖੂਨ ਨੂੰ ਵਧਾਉਣ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਲਿਆਉਣ ਵਾਸਤੇ ਹੋਵੇ। ਮੇਰੀ ਇਹ ਸਥਿਤੀ ਕਦ ਬਦਲੇਗੀ ਮੈਂ ਇਸ ਸੋਚ 'ਚ ਹੀ ਬੈਠਾ ਰਹਿੰਦਾ ਹਾਂ।**

ਅਗਲਾ ਕਦਮ ਇਹ ਹੈ ਕਿ ਉਨ੍ਹਾਂ ਪਰਿਵਾਰਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਜਿਨ੍ਹਾਂ ਸਿਰ ਕਰਜ਼ੇ ਦੀ ਪੰਡ ਦਾ ਭਾਰ ਉਨ੍ਹਾਂ ਦੀ ਦੋ ਸਾਲਾਂ ਦੀ ਆਮਦਨ ਤੋਂ ਵੀ ਵੱਧ ਹੈ ।ਉਨ੍ਹਾਂ ਨੂੰ ਕਰਜ਼ਾ ਮਾਫ਼ੀ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਇਸੇ ਤਰ੍ਹਾਂ ਸਮੁੱਚੇ ਸੀਮਾਂਤਕ ਅਤੇ ਛੋਟੇ ਕਿਸਾਨਾਂ, ਜਿਨ੍ਹਾਂ ਕੋਲ਼ 5 ਏਕੜ ਤੋਂ ਘੱਟ ਜ਼ਮੀਨ ਹੈ, ਨੂੰ ਵਿਸ਼ੇਸ਼ ਆਰਥਿਕ ਸਬਸਿਡੀਆਂ ਦਿੱਤੀਆਂ ਜਾਣ। ਪੰਜਾਬ ਦੀ ਛੋਟੀ ਖੇਤੀ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੀ ਹੈ। ਇਸ ਲਈ ਛੋਟੀ ਕਿਸਾਨੀ ਨੂੰ ਇਨ੍ਹਾਂ ਦੇ ਪਰਿਵਾਰਾਂ ਦੀ ਕੁੱਲ ਕਿਸਾਨ ਪਰਿਵਾਰਾਂ ਦੀ ਪ੍ਰਤੀਸ਼ਤਤਾ ਮੁਤਾਬਿਕ ਸਬਸਿਡੀਆਂ ਦਾ 34 ਪ੍ਰਤੀਸ਼ਤ ਹਿੱਸਾ ਜ਼ਰੂਰ ਮਿਲਣਾ ਚਾਹੀਦਾ ਹੈ।

ਪੰਜਾਬ ਦੇ ਖੇਤੀ ਛੱਡ ਚੁੱਕੇ ਕਿਸਾਨਾਂ ਦੀ ਮਦਦ ਕੀਤੀ ਜਾਵੇ ਖਾਸ ਕਰਕੇ ਉਹ ਲੋਕ ਜਿਹੜੇ ਮਜ਼ਦੂਰਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਹਨ। ਇਸ ਤਰ੍ਹਾਂ, ਉਹ ਲੋਕ ਜਿਹੜੇ ਖੇਤੀ ਛੱਡਣ ਤੋਂ ਬਾਅਦ ਆਪਣੇ ਨਵੇਂ ਧੰਦੇ ਤੋਂ ਅਸੰਤੁਸ਼ਟ ਹਨ, ਦੇ ਸਹਾਰੇ ਲਈ ਵੀ ਰੁਜ਼ਗਾਰ ਦੇ ਮੌਕੇ ਤਲਾਸ਼ ਕੀਤੇ ਜਾਣ ਤਾਂ ਕਿ ਇਹ ਲੋਕ ਆਪਣੀ ਰੋਟੀ-ਰੋਜ਼ੀ ਦਾ ਮਸਲਾ ਹੱਲ ਕਰ ਸਕਣ। ਇਸ ਤੋਂ ਇਲਾਵਾ, ਆਤਮ ਹੱਤਿਆਵਾਂ ਕਰਨ ਵਾਲੇ ਪਰਿਵਾਰਾਂ ਨੂੰ ਹਰ ਹੀਲੇ ਵਾਜਬ ਆਰਥਿਕ ਸਹਾਇਤਾ ਮਿਲਣੀ ਚਾਹੀਦੀ ਹੈ ਤਾਂ ਕਿ ਇਹ ਉਜੜੇ ਹੋਏ ਪਰਿਵਾਰ ਆਪਣੇ ਮਾਨਸਿਕ, ਸਮਾਜਿਕ ਅਤੇ ਆਰਥਿਕ ਸੰਕਟ ਵਿੱਚੋਂ ਨਿਕਲ ਕੇ ਆਪਣੀ ਜਿੰਦਗੀ ਵਸਰ ਕਰ ਸਕਣ। ਕਿਸਾਨਾਂ ਦਾ ਉਹ ਹਿੱਸਾ ਜਿਹੜਾ ਕਰਜ਼ੇ ਅਤੇ ਆਰਥਿਕ ਤੰਗੀ ਕਰਕੇ ਆਪਣੀ ਜ਼ਮੀਨ ਤੋਂ ਹੱਥ ਧੋ ਬੈਠਾ ਹੈ ਜਾਂ ਉਹ ਕਿਸਾਨ ਜਿਹੜੇ ਆਪਣੇ ਖੇਤੀ ਦੇ ਸਾਧਨ ਨਾ ਹੋਣ ਕਰਕੇ ਜ਼ਮੀਨ ਨੂੰ ਠੇਕੇ 'ਤੇ ਦੇ ਕੇ ਆਪ ਕੁਝ ਵੀ ਨਹੀਂ ਕਰਦੇ, ਉਨ੍ਹਾਂ ਦੇ ਰੁਜ਼ਗਾਰ ਬਾਰੇ ਵੀ ਯੋਜਨਾ ਤਿਆਰ ਕੀਤੀ ਜਾਵੇ। ਇਹੋ ਜਿਹੇ ਕਿਸਾਨਾਂ ਨੂੰ ਵੱਧ ਰੁਜ਼ਗਾਰ ਵਾਲੇ ਖੇਤਰਾਂ ਜਾਂ ਖੇਤੀ ਅਧਾਰਤ ਸਨਅਤਾਂ ਵਿੱਚ ਕੰਮ ਮਿਲਣਾ ਚਾਹੀਦਾ ਹੈ। ਐਸ.ਐਸ. ਜੌਹਲ ਕਮੇਟੀ ਦੀ ਸਿਫਾਰਸ਼ ਨੂੰ ਲਾਗੂ ਕਰਕੇ ਕਿਸਾਨਾਂ ਦੇ ਰੁਜਗਾਰ ਅਤੇ ਉਪਜੀਵਕਾ ਲਈ ਪਿੰਡਾਂ ਵਿੱਚ ਖੇਤੀ ਅਧਾਰਿਤ ਅਤੇ ਹੋਰ ਉਦਯੋਗ ਲਗਾਏ ਜਾਣ।

ਧਨੀ ਰਾਮ ਚਾਤ੍ਰਿਕ ਦੀਆਂ ਮਸ਼ਹੂਰ ਸਤਰਾਂ 'ਪੱਕੀ ਖੇਤੀ ਵੇਖਕੇ ਗਰਬ ਕਰੇ ਕਿਰਸਾਨ; ਵਾਓਂ, ਝੱਖੜੋਂ ਝੋਲਿਓਂ ਘਰ ਆਵੇ ਤਾਂ ਜਾਣ' ਅਨੁਸਾਰ ਖੇਤੀ ਕਈ ਵਾਰ ਕੁਦਰਤੀ ਕਰੋਪੀ ਦਾ ਸ਼ਿਕਾਰ ਹੁੰਦੀ ਹੈ ਅਤੇ ਬਰਤਾਨਵੀ ਸਰਕਾਰ ਸਮੇਂ ਕਿਸਾਨ ਵਾਰ-ਵਾਰ ਅਕਾਲ ਅਤੇ ਬਿਮਾਰੀਆ ਦੀਆਂ ਮਹਾਂਮਾਰੀਆਂ ਨਾਲ ਪੀੜਤ ਹੁੰਦੇ ਸਨ। ਪਰ ਅਜੇ ਵੀ ਇਹੋ ਜਿਹੀਆਂ ਕੁਦਰਤੀ ਆਫਤਾਂ - ਗੜ੍ਹੇਮਾਰ, ਵੱਧ ਮੀਂਹ ਪੈਣ, ਹੜ੍ਹ ਆਉਣ, ਨਰਮਾ ਪੱਟੀ 'ਚ ਅਮਰੀਕਨ ਸੁੰਡੀ ਆਦਿ ਕਿਸਾਨਾਂ ਸਿਰ ਕਰਜ਼ੇ ਅਤੇ ਆਤਮ ਹੱਤਿਆਵਾਂ ਦਾ ਕਰਨ ਬਨਦੇ ਹਨ। ਇਨ੍ਹਾਂ ਕਰੋਪੀਆਂ ਤੋਂ ਨਿਜ਼ਾਤ ਦਿਵਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ 'ਫ਼ਸਲੀ ਬੀਮਾ' ਕੁਸ਼ਲ ਢੰਗ ਨਾਲ਼ ਸ਼ੁਰੂ ਕਰੇ, ਜਿਸ ਵਿਚ ਕਿਸਾਨਾਂ ਨੂੰ ਫ਼ਸਲ ਮਰਨ ਦੀ ਸੂਰਤ ਵਿਚ ਵਾਜਬ ਮੁਆਵਜ਼ਾ ਮਿਲੇ। ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੀਆਂ ਆਫ਼ਤਾਂ ਲਈ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਇੱਕ ਅਲੱਗ ਫੰਡ ਕਾਇਮ ਕਰੇ।

ਸਹਾਇਕ ਧੰਦੇ, ਜਿਵੇਂ ਡੇਅਰੀ ਲਈ ਕੁਸ਼ਲ ਨੀਤੀ ਬਣਾਈ ਜਾਵੇ ।ਅਸੀਂ ਵੇਖਿਆ ਹੈ ਕਿ ਉਹ ਪਰਿਵਾਰ ਜਿਹੜੇ ਖੇਤੀ ਨਾਲ ਡੇਅਰੀ ਦਾ ਕੰਮ ਵੀ ਕਰਦੇ ਹਨ ਉਨ੍ਹਾਂ ਸਿਰ ਦੂਜਿਆਂ ਦੇ ਮੁਕਾਬਲੇ ਕਾਫ਼ੀ ਘੱਟ ਕਰਜ਼ਾ ਹੈ ।ਉਹ ਪਰਿਵਾਰ, ਜਿਨ੍ਹਾਂ ਨੂੰ ਉਨ੍ਹਾਂ ਦੀ ਆਮਦਨ ਦਾ 25 ਪ੍ਰਤੀਸ਼ਤ ਹਿੱਸਾ ਡੇਅਰੀ ਤੋਂ ਆਉਂਦਾ ਉਨ੍ਹਾਂ ਸਿਰ ਕਰਜ਼ਾ ਦੂਜਿਆਂ ਦੇ ਮੁਕਾਬਲੇ ਚੌਥਾ ਹਿੱਸਾ ਹੈ। ਇਸ ਕਰਕੇ ਸਰਕਾਰ ਨੂੰ ਡੇਅਰੀ ਖੇਤਰ ਨੂੰ ਵਿਕਸਤ ਕਰਨ ਲਈ ਪ੍ਰਾਸੈਸਿੰਗ ਅਤੇ ਮਾਰਕੀਟਿੰਗ ਨੂੰ ਕੁਸ਼ਲ ਬਣਾਉਣਾ ਚਾਹੀਦਾ ਹੈ।

ਫਸਲ ਦੀ ਘੱਟੋ-ਘੱਟ ਸਹਾਇਕ ਕੀਮਤ ਨਿਰਧਾਰਤ ਕਰਨ ਸਮੇਂ ਜ਼ਮੀਨ ਦਾ ਅਸਲੀ ਠੇਕਾ/ਕਿਰਾਇਆ ਅਤੇ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਬਿਜਲੀ, ਸਿੰਚਾਈ, ਖਾਦਾਂ, ਉਧਾਰ ਆਦਿ ਸਬਸਿਡੀਆਂ ਨੂੰ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।ਇਸੇ ਕੜੀ ਵਜੋਂ ਐਮ. ਐਸ. ਸਵਾਮੀਨਾਥਨ ਕਮੇਟੀ ਦੀਆਂ ਲਾਗਤ ਮੁੱਲ 'ਤੇ 50 ਪ੍ਰਤੀਸ਼ਤ ਸਿਫਾਰਸ਼ਾਂ ਨੂੰ ਲਾਗੂ ਕਰਨਾ ਚਾਹੀਦਾ ਹੈ ।ਕਿਸਾਨ ਆਮਦਨ ਕਮਿਸ਼ਨ ਗਠਿਤ ਕਰਕੇ ਕਿਸਾਨਾਂ ਦੀ ਘੱਟੋ-ਘੱਟ ਆਮਦਨ ਨੂੰ ਹਰ ਹੀਲੇ ਯਕੀਨੀ ਬਣਾਇਆ ਜਾਵੇ।ਖੇਤੀ ਖੋਜ ਅਤੇ ਪ੍ਰਸਾਰ ਲਈ ਪਬਲਿਕ ਸੈਕਟਰ ਦੀਆਂ ਖੇਤੀ ਸੰਸਥਾਵਾਂ ਨੂੰ ਵੱਡੀ ਪੱਧਰ 'ਤੇ ਵਿਤ ਮੁਹੱਈਆ ਕੀਤਾ ਜਾਵੇ ਤਾਂ ਕਿ ਨਿੱਜੀ ਕੰਪਨੀਆਂ ਦੀ ਇਜ਼ਾਰੇਦਾਰੀ ਨਾ ਬਨਣ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਸਸਤੀ ਅਤੇ ਪਾਏਦਾਰ ਖੋਜ ਪ੍ਰਦਾਨ ਕੀਤੀ ਜਾਵੇ।

ਜ਼ਮੀਨ ਦੀ ਸੁਚਾਰੂ ਵਰਤੋਂ ਕਰਨ ਲਈ ਦੇਸ਼ ਦੇ ਪੈਮਾਨੇ 'ਤੇ ਜ਼ਮੀਨ ਦੀ ਮੁੜ-ਵਿਉਂਤਬੰਦੀ ਕੀਤੀ ਜਾਣੀ ਚਾਹੀਦੀ ਹੈ ਅਤੇ ਖੇਤੀ ਸੰਕਟ ਦੇ ਹੱਲ ਲਈ ਸਹਿਕਾਰੀ ਖੇਤੀ ਪ੍ਰਣਾਲੀ ਨੂੰ ਵਿਕਸਤ ਕਰਨਾ ਚਾਹੀਦਾ ਹੈ।ਪਹਿਲੀ ਪੱਧਰ ਉੱਤੇ 'ਛੋਟੀ ਕਿਸਾਨੀ ਸਹਿਕਾਰੀ ਖੇਤੀ ਪ੍ਰਣਾਲੀ' ਲਾਗੂ ਕੀਤੀ ਜਾਵੇ। ਸਾਨੂੰ ਪਤਾ ਹੈ ਕਿ ਛੋਟੇ ਪੈਮਾਨੇ ਦੀ ਖੇਤੀ ਵਿਚੋਂ ਪ੍ਰਤੀ ਇਕਾਈ ਖਰਚੇ ਵਧਣ ਕਰਕੇ ਲਾਭ ਘੱਟ ਹੁੰਦਾ ਹੈ ਇਸ ਕਰਕੇ ਜੇਕਰ ਇਹ ਖੇਤੀ ਵੱਡੇ ਪੈਮਾਨੇ 'ਤੇ ਕੀਤੀ ਜਾਵੇ ਤਾਂ ਮਸ਼ੀਨਰੀ, ਸਿੰਜਾਈ ਅਤੇ ਇੰਤਜ਼ਾਮ ਦੇ ਖਰਚੇ ਘਟਾਏ ਜਾ ਸਕਦੇ ਹਨ ਜਿਸ ਨਾਲ਼ ਆਮਦਨ ਨੂੰ ਵਧਾਇਆ ਜਾ ਸਕਦਾ ਹੈ ।ਇਸ ਪ੍ਰਣਾਲੀ ਅਧੀਨ ਸਾਰੀਆਂ ਖੇਤੀ ਲਾਗਤਾਂ (ਬੀਜਾਂ, ਖਾਦਾਂ, ਜ਼ਹਿਰਾਂ, ਮਸ਼ੀਨਰੀ ਆਦਿ) ਸਹਿਕਾਰੀ ਤਾਂ ਹੋਣਗੀਆਂ ਹੀ ਚਾਹੀਦੀਆਂ ਹਨ ਸਗੋਂ ਛੋਟੀ ਕਿਸਾਨੀ ਦਾ ਫ਼ਸਲੀ ਚੱਕਰ, ਬੈਂਕਾਂ, ਪ੍ਰੋਸੈਸਿੰਗ, ਮੰਡੀਕਰਨ ਆਦਿ ਵੀ ਵੱਖਰਾ ਹੀ ਹੋਣਾ ਚਾਹੀਦਾ ਹੈ।ਹੌਲੀ-ਹੌਲੀ 'ਛੋਟੀ ਕਿਸਾਨੀ ਸਹਿਕਾਰੀ ਖੇਤੀ ਪ੍ਰਣਾਲੀ' ਨੂੰ 'ਰਾਜਕੀ ਖੇਤੀ ਪ੍ਰਣਾਲੀ' ਵਿੱਚ ਤਬਦੀਲ ਕਰਕੇ ਸਰਕਾਰੀ ਖੇਤਰ ਅਧੀਨ ਹੀ ਲੈ ਆਉਣਾ ਚਾਹੀਦਾ ਹੈ ।ਇਸ ਤੋਂ ਬਾਅਦ ਵੱਡੀ ਕਿਸਾਨੀ ਨੂੰ ਵੀ ਇਸੇ ਰਸਤੇ ਉਪਰ ਲਿਜਾਕੇ 'ਸਮੂਹਿਕ ਖੇਤੀ ਪ੍ਰਣਾਲੀ' ਨਾਲ ਅਰਥਵਿਵਸਥਾ ਦਾ ਵਿਕਾਸ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਖੇਤੀ ਵਿਭਿੰਨਤਾ ਨੂੰ ਵੀ ਅਸਾਨੀ ਨਾਲ ਲਾਗੂ ਕੀਤਾ ਜਾ ਸਕਦਾ ਹੈ ।ਜ਼ਮੀਨੀ ਮੁੜ-ਵਿਉਂਤਬੰਦੀ ਦੀਆਂ ਉਪਰੋਕਤ ਸੁਝਾਈਆਂ ਪ੍ਰਣਾਲੀਆਂ ਨੂੰ ਮੌਜੂਦਾ ਰਾਜ ਪ੍ਰਬੰਧ ਅਧੀਨ ਨਿਪੁੰਨਤਾ ਨਾਲ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ, ਇਹ ਸਾਡੇ ਸਾਰਿਆਂ ਦੇ ਸੋਚਣ ਦਾ ਵਿਸ਼ਾ ਹੈ ।

ਸਾਡੇ ਸਮਕਾਲੀ

# ਵਿਗਿਆਨਕ ਯੁੱਗ ਗੈਰ ਵਿਗਿਆਨਕ ਵਰਤਾਰੇ

80ਵਿਆਂ ਵਿੱਚ ਜਦੋਂ ਪੰਜਾਬ ਬੜੇ ਦਰਦ ਭਰੇ ਸਮਿਆਂ ਵਿਚੋਂ ਲੰਘ ਰਿਹਾ ਸੀ, ਸੰਨ 1983 ਵਿਚ ਨੂਰਮਹਿਲ ਵਿਖੇ ਦਿਵਿਆ ਜੋਤੀ ਜਾਗਰਣ ਸੰਸਥਾਨ ਨਾਂ ਦੇ ਡੇਰੇ ਦੀ ਸਥਾਪਨਾ ਕਰਨ ਵਾਲੇ ਸੱਕਿਰਦਾਰ ਵਾਲੇ ਸਾਧ ਆਸ਼ੂਤੋਸ਼ ਮਹਾਰਾਜ ਉਰਫ ਮਹੇਸ਼ ਝਾਅ ਦੀ ਮੌਤ ਬਾਰੇ ਇਕ ਹਫਤੇ ਤੋਂ ਚੱਲ ਰਿਹਾ ਨਾਟਕ ਆਖਿਰ ਖਤਮ ਹੋ ਗਿਆ। ਪਿਛਲੇ ਦਿਨੀਂ ਕਰੀਬ 12 ਕੁ ਵਜੇ ਆਸ਼ੂਤੋਸ਼ ਦੀ ਛਾਤੀ ਵਿਚ ਦਰਦ ਉੱਠਣ ਮਗਰੋਂ ਮੌਤ ਹੋ ਗਈ ਸੀ, ਪਰ ਡੇਰਾ ਪ੍ਰਬੰਧਕਾਂ ਨੇ ਜਾਣ-ਬੁੱਝ ਕੇ ਇਹ ਖਬਰ ਮੀਡੀਆ ਜਾਂ ਲੋਕਾਂ ਅੱਗੇ ਨੂੰ ਨਸ਼ਰ ਕਰਨ ਤੋਂ ਟਾਲਾ ਵੱਟੀ ਰੱਖਿਆ। ਦਰਅਸਲ ਆਸ਼ੂਤੋਸ਼ ਨੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਰੂਹਾਨੀਅਤ ਦਾ ਧੰਦਾ ਕਰਦੇ ਹੋਏ ਕਰੀਬ 1000 ਕਰੋੜ ਦੀ ਜਾਇਦਾਦ ਬਣਾਈ ਹੈ, ਜਿਸ ਨੂੰ ਲੈ ਕੇ ਡੇਰਾ ਪ੍ਰਬੰਧਕਾਂ ਵਿਚ ਅੰਦਰੋ-ਅੰਦਰੀ ਕਾਟੋ-ਕਲੇਸ਼ ਸ਼ੁਰੂ ਹੋ ਚੁੱਕਿਆ ਹੈ ਕਿ ਆਸ਼ੂਤੋਸ਼ ਦੀ ਮੌਤ ਮਗਰੋਂ ਉਸ ਦੀ ਗੱਦੀ ਉੱਪਰ ਕੌਣ ਬੈਠੇਗਾ? ਸੂਤਰਾਂ ਮੁਤਾਬਿਕ ਡੇਰਾ ਪ੍ਰਬੰਧਕਾਂ ਵਿਚੋਂ 4-5 ਵਿਅਕਤੀ ਗੱਦੀਨਸ਼ੀਨ ਹੋਣ ਲਈ ਆਪਣੀ ਦਾਅਵੇਦਾਰੀ ਜਤਾ ਰਹੇ ਹਨ, ਪਰ ਉਹਨਾਂ ਵਿਚੋਂ ਅਜੇ ਤੀਕ ਕਿਸੇ ਵੀ ਇਕ ਵਿਅਕਤੀ ਉੱਪਰ ਸਹਿਮਤੀ ਨਹੀਂ ਹੋ ਸਕੀ। ਵੈਸੇ ਚੋਰੀ ਦਾ ਮਾਲ ਤੇ ਡਾਂਗਾਂ ਦੇ ਗਜ਼ ਵਾਲੀ ਕਹਾਵਤ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਅਕਸਰ ਛਿੱਤਰੀਂ ਦਾਲ ਵੰਡੀਦੀ ਹੈ। ਨਾਲੇ ਝੂਠ ਦੀਆਂ ਅਜਿਹੀਆਂ ਦੁਕਾਨਾਂ, ਭਾਵੇਂ ਉਪਰੋਂ ਵੇਖਣ/ਕਹਿਣ ਨੂੰ ਇਨ੍ਹਾਂ 'ਮਹਾਂਪੁਰਸ਼ਾਂ' ਨੇ ਧਰਮ ਦਾ ਮਖੌਟਾ ਪਾਇਆ ਹੁੰਦਾ ਹੈ। ਇਹ ਵਜ੍ਹਾ ਹੈ ਕਿ ਡੇਰੇ ਦੇ ਪ੍ਰਬੰਧਕ ਪੈਰੋਕਾਰ ਰਸਮੀ ਤੌਰ ਤੇ ਉਹ ਅਜੇ ਵੀ ਮੀਡੀਆ ਅੱਗੇ ਇਹੋ ਝੂਠ ਬੋਲ ਰਹੇ ਹਨ ਕਿ ਮਹਾਰਾਜ ਆਸ਼ੂਤੋਸ਼ ਗਹਿਰੀ 'ਸਮਾਧੀ' ਵਿਚ ਹੈ। ਆਸ਼ੂਤੋਸ਼ ਦੀ ਮੌਤ ਮਗਰੋਂ ਹੋਇਆ ਡਰਾਮਾ ਨਾ ਸਿਰਫ ਇਸ ਧੰਦੇ 'ਚ ਲੱਗੇ ਵਿਅਕਤੀਆਂ ਦੀ ਪੋਲ੍ਹ ਖੋਲਦਾ ਹੈ, ਸਗੋਂ ਆਸਥਾ ਦੇ ਪਰਦੇ ਹੇਠ ਇਹਨਾਂ ਪਾਖੰਡੀ ਡੇਰੇਦਾਰਾਂ ਦੁਆਰਾ ਸਾਡੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਉੱਤੇ ਵੀ ਰੌਸ਼ਨੀ ਪਾਉਂਦਾ ਹੈ। ਇਸ ਦੇ ਨਾਲ ਹੀ ਸਾਡੀ ਸਰਕਾਰ ਦੇ ਰਵੱਈਏ ਤੇ ਵੀ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ, ਜਿਹੜੀ ਧਰਮ ਦੇ ਨਾਂ ਤੋਂ ਨੌਸਰਬਾਜ਼ ਅਨਸਰਾਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਮੂਕ ਦਰਸ਼ਕ ਬਣ ਕੇ ਵੇਖਦੀ ਰਹਿੰਦੀ ਹੈ ਅਤੇ ਉਹਨਾਂ ਖਿਲਾਫ ਕੋਈ ਵੀ ਕਾਰਵਾਈ ਨਾ ਕਰਕੇ ਉਹਨਾਂ ਨੂੰ ਆਮ ਲੋਕਾਂ ਨੂੰ ਲੁੱਟਣ ਅਤੇ ਗੁੰਮਰਾਹ ਕਰਨ ਦਾ ਖੁੱਲ੍ਹਾ ਲਾਇਸੰਸ ਦੇਈ ਰੱਖਦੀ ਹੈ। ਆਸ਼ੂਤੋਸ਼ ਦੀ ਮਾਮਲੇ ਵਿਚ ਵੀ ਤਾਂ ਇਹੋ ਹੋਇਆ ਹੈ। ਡੇਰਾ ਪ੍ਰਬੰਧਕ ਪਿਛਲੇ ਇਕ ਹਫਤੇ ਤੋਂ ਆਸ਼ੂਤੋਸ਼ ਦੀ ਮ੍ਰਿਤਕ ਦੇਹ ਨੂੰ ਆਪਣੇ ਕਬਜ਼ੇ ਵਿਚ ਰੱਖੀ ਬੈਠੇ ਹਨ ਅਤੇ ਉਹਨਾਂ ਨੇ ਕਿਸੇ ਵੀ ਪੁਲਿਸ ਅਧਿਕਾਰੀ ਜਾਂ ਪ੍ਰਸ਼ਾਸ਼ਨਿਕ ਅਧਿਕਾਰੀ ਨੂੰ ਲਾਗੇ ਨਹੀਂ ਫਟਕਣ ਦਿੱਤਾ। ਸਾਰੇ ਅਧਿਕਾਰੀ ਜਾਣਦੇ ਸੀ ਕਿ ਆਸ਼ੂਤੋਸ਼ ਮਰ ਚੁੱਕਿਆ ਹੈ ਅਤੇ ਉਸਦੇ ਸਮਾਧੀ ਵਿਚ ਹੋਣ ਦਾ ਡਰਾਮਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਨਵੇਂ ਬਾਬੇ ਦੀ ਚੋਣ ਦਾ ਕੰਮ ਪਹਿਲਾਂ ਨਿਬੇੜ ਲੈਣ। ਸਰਕਾਰ ਜਾਂ ਇਸ ਦੇ ਅਧਿਕਾਰੀਆਂ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਿ ਧਰਮ ਜਾਂ ਆਸ਼ਥਾ ਦੇ ਨਾਂ ਤੇ ਹੋ ਰਹੇ ਅਜਿਹੇ ਕਾਰੋਬਾਰਾਂ ਨੂੰ ਨੱਥ ਪਾਈ ਜਾਵੇ ਅਤੇ ਜਿਹੜੇ ਲੋਕ ਇਸ ਧੰਦੇ ਵਿਚ ਸ਼ਾਮਿਲ ਹਨ, ਉਹਨਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣਾ ਕਾਰੋਬਾਰ ਫੈਲਾਉਣ ਤੋਂ ਰੋਕਿਆ ਜਾਵੇ। ਉਲਟਾ ਸਰਕਾਰ ਹਮੇਸ਼ਾਂ ਇਹਨਾਂ (ਅ) ਧਰਮ ਦੇ ਕਾਰੋਬਾਰੀਆਂ ਦੇ ਸਮਰਥਨ ਵਿਚ ਖੜ੍ਹੀ ਨਜ਼ਰ ਆਉਂਦੀ ਹੈ। ਆਸ਼ੂਤੋਸ਼ ਦੇ ਡੇਰੇ 'ਦਿਵਿਆ ਜੋਤੀ ਜਾਗਰਣ ਸੰਸਥਾਨ' ਨੇ ਪੰਜਾਬ ਅਤੇ ਖਾਸ ਕਰਕੇ ਸਿੱਖਾਂ ਪ੍ਰਤੀ ਹਮੇਸ਼ਾਂ ਹੀ ਨਕਾਰਾਤਮਕ ਪਹੁੰਚ ਰੱਖੀ ਹੈ। ਇਹ ਅਕਸਰ ਸਿੱਖ ਗੁਰੂਆਂ ਖਿਲਾਫ ਅਪਮਾਨਜਨਕ ਸ਼ਬਦਾਵਲੀ ਵਰਤਣ ਜਾਂ ਸਿੱਖਾਂ ਦੇ ਧਾਰਮਿਕ ਅਕੀਦਿਆਂ ਬਾਰੇ ਭੜਕਾਊ ਗੱਲਾਂ ਕਹਿਣ ਲਈ ਵਿਵਾਦਾਂ ਵਿਚ ਰਿਹਾ ਹੈ। ਪਰ ਇਸ ਦੇ ਬਾਵਜੂਦ ਜੇਕਰ ਅਜਿਹਾ ਵਿਅਕਤੀ ਪਿਛਲੇ ਤੀਹ ਸਾਲਾਂ ਦੌਰਾਨ ਇੱਥੇ ਰਹਿ ਕੇ 1000 ਕਰੋੜ ਰੁਪਏ ਦਾ ਕਾਰੋਬਾਰ ਕਰਦਾ ਹੈ ਤਾਂ ਸਾਫ ਹੈ ਕਿ ਉਸ ਦੇ ਪਿੱਛੇ ਬਹੁਤ ਸਾਰੀਆਂ ਤਾਕਤਾਂ ਕੰਮ ਕਰ ਰਹੀਆਂ ਹਨ।....... ਪੰਜਾਬ ਵਿਚ ਅੱਜ ਪੈਰ-ਪੈਰ ਤੇ ਖੁੰਬਾਂ ਵਾਂਗ ਉੱਗੇ ਡੇਰੇ ਇਸੇ ਦਾ ਸਿੱਟਾ ਹਨ। ਆਖਿਰ ਇਹਨਾਂ ਬਾਬਿਆਂ ਦੇ ਗਿਰੋਹ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਹੁੰਦੀ? ਇਸ ਦੀ ਗੁੱਥੀ ਖੋਲ੍ਹਣ ਲਈ ਸਾਡੇ ਸਿਆਸਤਦਾਨਾਂ ਅਤੇ ਇਹਨਾਂ ਅਖੌਤੀ ਬਾਬਿਆਂ ਦੀ ਜੁਗਲਬੰਦੀ ਨੂੰ ਸਮਝਣਾ ਬਹੁਤ ਜਰੂਰੀ ਹੈ। ਪੰਜਾਬ ਵਿਚ ਜਿੰਨੇ ਵੀ ਡੇਰੇ ਹਨ ਉਹਨਾਂ ਵਿਚ ਕਿਤੇ ਵੀ ਜ਼ੁਲਮ ਦੇ ਖਿਲਾਫ ਲੜਣ ਜਾਂ ਅਨਿਆਂ ਖਿਲਾਫ ਅਵਾਜ਼ ਉਠਾਉਣ ਦੀ ਸਿੱਖਿਆ ਨਹੀਂ ਦਿੱਤੀ ਜਾਂਦੀ। ਇਹਨਾਂ ਡੇਰਿਆਂ ਵਿਚ ਲੋਕਾਂ ਨੂੰ ਸਿਰਫ 'ਸਮਰਪਣ' ਕਰਨ ਜਾਂ 'ਪੰਗੂ' ਬਣ ਕੇ ਜੀਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਹਨਾਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਉਹ ਆਪਣੀ ਸਰੀਰਕ ਅਤੇ ਦਿਮਾਗੀ ਤਾਕਤ ਉਸ ਡੇਰੇ ਦੇ 'ਬਾਬੇ' ਦੀ ਪੂਜਾ ਵਿਚ ਹੀ ਖਰਚ ਕਰਨ, ਉਹਨਾਂ ਦੇ ਬਾਕੀ ਮਸਲਿਆਂ ਨੂੰ ਬਾਬਾ ਆਪੇ ਹੀ ਹੱਲ ਕਰ ਦੇਵੇਗਾ।

ਇਹ ਬਾਬੇ ਲੱਖਾਂ ਦੀ ਗਿਣਤੀ ਵਿਚ ਅਜਿਹੇ 'ਪੰਗੂ' ਲੋਕਾਂ ਦੀ ਫੌਜ ਤਿਆਰ ਕਰ ਦਿੰਦੇ ਹਨ, ਜਿਹਨਾਂ ਦੇ ਆਲੇ-ਦੁਆਲੇ ਕੁਝ ਵੀ ਹੋਈ ਜਾਵੇ, ਉਹ ਰੱਤੀ ਭਰ ਵੀ ਬੇਚੈਨ ਨਹੀਂ ਹੁੰਦੇ। ਉਹ ਹਰ ਹਾਲਾਤ ਵਿਚ ਖੁਸ਼ ਰਹਿੰਦੇ ਹਨ। ਬਿਨਾਂ ਕੁਝ ਮੰਗੇ ਅਤੇ ਬਿਨਾਂ ਕੋਈ ਆਲੋਚਨਾ ਕੀਤੇ ਖੁਸ਼ ਰਹਿਣ ਵਾਲੇ ਲੋਕੀ ਸਾਡੇ ਭ੍ਰਿਸ਼ਟ ਸਿਆਸਤਦਾਨਾਂ ਨੂੰ 'ਖੰਡ' ਵਰਗੇ ਲੱਗਦੇ ਹਨ। ਇਹੀ ਵਜ੍ਹਾ ਹੈ ਕਿ ਅਜਿਹੇ 'ਪੰਗੂਆਂ ਦੀ ਫੌਜ' ਨੂੰ ਤਿਆਰ ਕਰਨ ਵਾਲੀਆਂ ਫੈਕਟਰੀਆਂ ਯਾਨਿ ਡੇਰੇ ਸਾਡੇ ਸਿਆਸਤਦਾਨਾਂ ਨੂੰ ਬਹੁਤ ਚੰਗੇ ਲੱਗਦੇ ਹਨ। ਇਹਨਾਂ ਡੇਰਿਆਂ ਅੰਦਰ ਕੁਝ ਮਰਜ਼ੀ ਹੋਈ ਜਾਵੇ, ਸਰਕਾਰ ਜਾਂ ਪ੍ਰਸ਼ਾਸ਼ਨ ਵੱਲੋਂ ਇਹਨਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਉਲਟਾ ਜੇਕਰ ਕੋਈ ਬਾਬਾ ਕਿਸੇ ਸਕੈਂਡਲ ਵਿਚ ਫਸ ਜਾਵੇ ਤਾਂ ਸਰਕਾਰਾਂ ਜਾਂ ਸਿਆਸਤਦਾਨਾਂ ਦੁਆਰਾ ਗੁਪਤ ਰੂਪ ਵਿਚ ਉਹਨਾਂ ਦੀ ਮੱਦਦ ਕੀਤੀ ਜਾਂਦੀ ਹੈ। ਪਿਛਲੇ ਸਮੇਂ ਵਿਚ ਨੰਗਾ ਹੋਇਆ 'ਬਾਪੂ ਆਸਾ ਰਾਮ' ਦਾ ਸਕੈਂਡਲ ਰਾਸ਼ਟਰੀ ਪੱਧਰ ਤੇ ਸਿਆਸਤਦਾਨਾਂ ਅਤੇ ਡੇਰੇਦਾਰਾਂ ਦੀ ਮੰਦਭਾਗੀ ਜੁਗਲਬੰਦੀ ਦੀ ਉੱਘੜਵੀਂ ਮਿਸਾਲ ਹੈ। ਆਸ਼ੂਤੋਸ਼ ਦੀ ਮੌਤ ਦਾ ਲਟਕਵਾਂ ਡਰਾਮਾ ਇਸ ਦੀ ਸਥਾਨਕ ਉਦਾਹਰਣ ਹੈ, ਜਿਸ ਨੇ ਸਾਨੂੰ ਸਾਵਧਾਨ ਕਰ ਦਿੱਤਾ ਹੈ ਕਿ 'ਬਾਬਿਆਂ ਤੋਂ ਬਚਣ' ਲਈ ਸਰਕਾਰ ਜਾਂ ਪ੍ਰਸ਼ਾਸ਼ਨ ਦਾ ਮੂੰਹ ਨਹੀਂ ਵੇਖਣਾ ਚਾਹੀਦਾ। ਪ੍ਰਸ਼ਾਸ਼ਨ ਜਾਂ ਸਰਕਾਰ ਤਾਂ ਜਨਤਾ ਨੂੰ ਹਫਤਾ ਪਹਿਲਾਂ ਮਰ ਚੁੱਕੇ ਆਸ਼ੂਤੋਸ਼ ਦਾ ਭੇਤ ਦੱਸਣ ਲਈ ਵੀ ਮੂੰਹ ਨਹੀਂ ਖੋਲ੍ਹਦੀ, ਜੀਉਂਦੇ ਬਾਬੇ ਕੀ ਕਾਰੇ ਕਰ ਰਹੇ ਨੇ, ਇਸ ਬਾਰੇ ਇਸ ਨੇ ਸਾਨੂੰ ਸੁਆਹ ਦੱਸਣਾ ਹੈ। ਇਸ ਲਈ ਪੰਜਾਬ ਦੇ ਜਿਉਂਦੇ ਜਾਂ ਮਰੇ ਹੋਏ ਬਾਬਿਆਂ ਦੇ ਭੇਤ ਲੱਭਣ ਲਈ ਜਨਤਾ ਨੂੰ ਖੁਦ ਹੀ ਹੰਭਲਾ ਮਾਰਨਾ ਪਵੇਗਾ।

(ਅੰਮ੍ਰਿਤਸਰ ਟਾਈਮਜ਼ 'ਚੋਂ ਧੰਨਵਾਦ ਸਹਿਤ)

# ਜ਼ਮਾਨਾ, ਜ਼ਿੰਦਗੀ ਅਤੇ ਜਜ਼ਬਾਤ ਦੀ ਜੁਗਲਬੰਦੀ

ਓਮ ਪ੍ਰਕਾਸ਼ ਗਾਸੋ

ਸੂਰਜ ਅਤੇ ਸੂਰਜ ਦੀਆਂ ਕਿਰਨਾਂ ਦਾ ਚਾਨਣ ਹਰ ਰੋਜ਼ ਅਸਾਡੀ ਇਸ ਧਰਤੀ ਲਈ ਨਵੇਂ ਤੋਂ ਨਵਾਂ ਗੀਤ ਲੈ ਕੇ ਦਿਨ ਭਰ ਨੱਚਦਾ ਰਹਿੰਦਾ ਹੈ। ਜ਼ਿੰਦਗੀ ਦਾ ਨਾਚ ਚਾਨਣ ਦੇ ਇਸ ਗੀਤ ਅਨੁਸਾਰ ਅਗੰਮੀ ਲੈਅ ਤੇ ਤਾਲ ਦਾ ਹਿੱਸਾ ਬਣਦਾ ਰਹਿੰਦਾ ਹੈ। ਖ਼ਿਆਲਾਂ ਦੀ ਨਦੀ ਦਾ ਪ੍ਰਵਾਹ ਉਮਰ ਲਈ ਆਨੰਦ ਬਣਦਾ ਰਹਿੰਦਾ ਹੈ। ਇੰਜ ਦਿਨ-ਰਾਤ, ਹਫ਼ਤਿਆਂ, ਮਹੀਨਿਆਂ ਅਤੇ ਸਾਲਾਂ ਦਾ ਸਫ਼ਰ ਸਦੀਆਂ ਨੂੰ ਪਾਰ ਕਰਦਾ ਹੋਇਆ ਯੁੱਗ ਅਤੇ ਜ਼ਮਾਨੇ ਨਾਲ ਜੁੜਦਾ ਰਹਿੰਦਾ ਹੈ।

ਸਮੇਂ ਦੀ ਤਾਸੀਰ, ਜ਼ਮਾਨੇ ਦੀ ਨਜ਼ਾਕਤ ਅਤੇ ਦਿਨਾਂ ਦੇ ਹੇਰ-ਫੇਰ ਦੀ ਤਫ਼ਸੀਲ ਤੋਂ ਜ਼ਿੰਦਗੀ ਪ੍ਰਭਾਵਿਤ ਹੁੰਦੀ ਰਹਿੰਦੀ ਹੈ। ਜ਼ਮਾਨੇ ਨੂੰ ਸਮੇਂ ਦਾ ਪੈਮਾਨਾ ਆਖਿਆ ਜਾ ਸਕਦਾ ਹੈ। ਪੈਮਾਨੇ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਸਕੇਲ ਕਿਹਾ ਜਾ ਸਕਦਾ ਹੈ। ਦੁੱਖ ਦੀ ਗੱਲ ਹੈ ਕਿ ਅੱਜ-ਕੱਲ੍ਹ ਭਾਵਨਾਵਾਂ ਨੂੰ ਹਟਾ ਕੇ ਅਤੇ ਮਿਟਾ ਕੇ ਅੰਕੜਿਆਂ ਵੱਲ ਜਾਣ ਦੀ ਪ੍ਰਵਿਰਤੀ ਪੈਦਾ ਹੋ ਰਹੀ ਹੈ।

- ਜ਼ਿੰਦਗੀ ਦਾ ਹਿਸਾਬ ਅੰਕੜਿਆਂ ਦੀ ਥਾਵੇਂ ਭਾਵਨਾ ਨਾਲ ਸਹੀ ਰੱਖਿਆ ਜਾ ਸਕਦਾ ਹੈ।
- ਜ਼ਿੰਦਗੀ ਦੇ ਕਰਾਮਾਤੀ ਕਰਮਾਂ ਨੂੰ ਅਫਲਾਤੂਨੀ ਵਿਧੀਆਂ ਖੱਜਲ-ਖੁਆਰ ਕਰਦੀਆਂ ਰਹਿੰਦੀਆਂ ਹਨ।
- ਜ਼ਿੰਦਗੀ ਲਈ ਅੰਕੜਿਆਂ ਦੀ ਥਾਵੇਂ ਅਕਲ ਵਧੇਰੇ ਸੁਖਦਾਇਕ ਬਣੀ ਰਹਿੰਦੀ ਹੈ ਕਿਉਂਕਿ ਅੰਕੜਿਆਂ ਵਿੱਚੋਂ ਉਪਜੀ ਹੋਈ ਜਾਣਕਾਰੀ ਲਈ ਅਕਲ ਨੇ ਹੀ ਤਾਂ ਵਿਉਂਤ ਬਣਾਉਣੀ ਹੁੰਦੀ ਹੈ।
- ਜਜ਼ਬਾਤ ਨੂੰ ਅਕਲ ਦੀ ਸੰਤਾਨ ਆਖਿਆ ਜਾ ਸਕਦਾ ਹੈ। ਉਹ ਜਜ਼ਬਾਤ ਜਿਹੜੇ ਸਿਰਫ਼ ਤੇ ਸਿਰਫ਼ ਦਿਨ ਦੇ ਖ਼ਿਆਲਾਂ ਨਾਲ ਸੁਪਨਿਆਂ ਦੇ ਸੰਸਾਰ ਨੂੰ ਪੈਦਾ ਕਰਦੇ ਰਹਿੰਦੇ ਹਨ, ਜ਼ਹਾਲਤ ਵੱਲ ਵੀ ਤੁਰ ਸਕਦੇ ਹਨ। ਅਕਲ ਦੁਆਰਾ ਅਰਥਾਂ ਦੀ ਸ਼ਨਾਖਤ ਹੁੰਦੀ ਰਹਿੰਦੀ ਹੈ। ਅਕਲ ਨੂੰ ਇਨਸਾਫ਼ ਕਰਨ ਵਾਲੀ ਸ਼ਕਤੀ ਅਤੇ ਸਮਰੱਥਾ ਆਖਿਆ ਜਾ ਸਕਦਾ ਹੈ।
- ਅਕਲ ਮਨੁੱਖ ਨੂੰ ਅਸਲੀਅਤ ਤੋਂ ਬੇਮੁਖ ਨਹੀਂ ਹੋਣ ਦਿੰਦੀ।
- ਅਕਲ ਅਰਾਜਕਤਾ ਤੇ ਅਨਾਰਕੀ ਤੋਂ ਸਮਾਜਿਕ ਵਿਵਹਾਰ ਨੂੰ ਬਚਾਉਂਦੀ ਰਹਿੰਦੀ ਹੈ।
- ਅਕਲ ਦੇ ਵਿਵਹਾਰਕ-ਪ੍ਰਕਰਨ ਤ੍ਰਿਪਤੀ ਪੈਦਾ ਕਰਦੇ ਰਹਿੰਦੇ ਹਨ।
- ਅਕਲ ਦੇ ਅਗੰਮੀ-ਰੂਪ ਨੂੰ ਸਰਵੋਤਮ ਸੁੰਦਰਤਾ ਵਜੋਂ ਸਵੀਕਾਰ ਕਰਨ ਵਾਲਾ ਸਮਾਜ ਸੁਖ ਭੋਗਦਾ ਰਹਿੰਦਾ ਹੈ।

ਜਿਉਂ-ਜਿਉਂ ਸਮਾਜਿਕ ਵਿਵਹਾਰ ਵਿੱਚੋਂ ਅਕਲਮੰਦੀ ਮਨਫ਼ੀ ਹੋਣ ਲੱਗ ਪੈਂਦੀ ਹੈ, ਤਿਉਂ-ਤਿਉਂ ਨਸ਼ੇਬਾਜ਼ੀ, ਸੁਆਰਥ, ਸ਼ਰਾਰਤ, ਸ਼ੈਤਾਨੀਅਤ, ਨਿੱਜਵਾਦ, ਹੰਕਾਰ, ਹਉਮੈ, ਪਾਖੰਡ, ਅਵਿਸ਼ਵਾਸ, ਰਿਸ਼ਵਤਖੋਰੀ, ਝੂਠ, ਧੋਖਾ, ਅਗਿਆਨ ਅਤੇ ਔਗੁਣ ਦੇ ਨਾਲ-ਨਾਲ ਬੇਰੁਖ਼ੀ, ਬਕਵਾਸ ਅਤੇ ਬਾਤੂਨੀ ਸਿਲਸਿਲਿਆਂ ਵਿੱਚ ਵਾਧਾ ਹੋਣ ਲੱਗ ਪੈਂਦਾ ਹੈ।


ਅਕਲ ਨੂੰ ਜ਼ਿੰਦਗੀ ਲਈ ਕਲਾ, ਹੁਨਰ, ਗਿਆਨ, ਗੁਣ ਤੇ ਵਿਵੇਕ ਆਖਿਆ ਜਾ ਸਕਦਾ ਹੈ। ਅਕਲ ਦੀ ਆਮਦ ਨਾਲ ਮਨੁੱਖ ਦੀ ਚੇਤਨਾ ਜਾਗ੍ਰਿਤ ਹੋਣ ਲੱਗ ਪੈਂਦੀ ਹੈ।

ਦੁੱਖ ਭਰੇ ਦਰਜਨਾਂ ਕਿਸਮਾਂ ਦੇ ਸਮਾਜਿਕ ਦ੍ਰਿਸ਼ ਅਸਾਨੂੰ ਕਹਿ ਰਹੇ ਹਨ ਕਿ ਅਜੇ ਆਪਣਾ ਇਹ ਸਮਾਜ ਸਿਫ਼ਤੀ ਨਹੀਂ ਬਣਿਆ। ਅਕਲਮੰਦ ਸਮਾਜ ਬੇਅਰਥ ਕਿਸਮ ਦੀ ਜ਼ਿੰਦਗੀ ਨੂੰ ਲਾਹਨਤ ਮੰਨ ਕੇ ਸੁੰਦਰ ਜ਼ਮਾਨੇ ਦੀ ਸਿਰਜਣਾ ਲਈ ਤਤਪਰ ਰਹਿੰਦਾ ਹੈ। ਵੇਖੋ ਨਾ ਅੱਜ-ਕੱਲ੍ਹ ਅਸਾਡੀ ਉਮਰ ਵਿੱਚੋਂ ਤਤਪਰਤਾ ਗਾਇਬ ਹੈ।

- ਅਸੀਂ ਅੱਜ-ਕੱਲ੍ਹ ਜ਼ਿਹਨੀ ਜਜ਼ਬਿਆਂ ਦੇ ਉਪਾਸ਼ਕ ਬਣੇ ਹੋਏ ਹਾਂ।
- ਅੱਜ-ਕੱਲ੍ਹ ਅਸੀਂ ਰੌਲੇ ਵਾਲੇ ਕਸਬ ਨੂੰ ਉਤਸ਼ਾਹਿਤ ਕਰ ਰਹੇ ਹਾਂ।

ਜ਼ਮਾਨਾ ਆਪਣੇ ਆਪ ਵਿੱਚ ਤਾਂ ਇੱਕ ਪਰਤੰਤਰ ਜੁਜ਼ ਹੈ। ਜ਼ਮਾਨੇ ਦੀ ਸਿਰਜਣਾ ਜ਼ਿੰਦਗੀ ਕਰਦੀ ਰਹਿੰਦੀ ਹੈ ਅਤੇ ਜ਼ਿੰਦਗੀ ਦੀ ਜਜ਼ਬਾਤ ਰਹਿਨੁਮਾਈ ਕਰਦੇ ਰਹਿੰਦੇ ਹਨ। ਭਾਰਤ ਦੀ ਵੰਡ ਜਨੂੰਨੀ ਜਜ਼ਬਿਆਂ ਵਿੱਚੋਂ ਪੈਦਾ ਹੋਈ।

ਰਾਜਨੀਤਕ- ਜ਼ਹਾਲਤ ਹੈ। ਇਸ ਰਾਜਨੀਤਕ ਜ਼ਹਾਲਤ ਨਾਲ ਕਦੇ ਵੀ ਕੋਈ ਬਹੁਤ ਵੱਡੇ ਵਿਸਫੋਟ ਦਾ ਇਸ ਖਿੱਤੇ ਵਿੱਚ ਰਹਿਣ ਵਾਲੀ ਲੋਕਾਈ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਅਕਲਮੰਦ ਲੋਕਾਈ ਦੀ ਸ਼ਕਤੀ ਸੋਚ, ਸਮਝ ਅਤੇ ਸਿਆਣਪ ਹੀ ਜ਼ਮਾਨੇ ਵਿਚਲੀ ਜ਼ਹਿਰ ਤੋਂ ਜਾਣੂ ਹੋ ਕੇ ਸੁਰੱਖਿਅਤ ਸਮੇਂ ਦੇ ਸੂਰਜ ਨੂੰ ਪੈਦਾ ਕਰ ਸਕਦੀ ਹੈ।





## ਕਵਿਤਾ

- ਨਰਿੰਦਰ ਕੁਮਾਰ ਜੀਤ

ਮੈਂ ਸ਼ਰਮਿੰਦਾ ਹਾਂ
ਉਸ ਮਾਂ ਅੱਗੇ ,
ਜਿਸ ਦੀ ਗੋਦ 'ਚ
ਹੁਣ ਤੇਰਾ ਭਾਰ ਹੈ ਬੱਚੜੀਏ !
ਮੈਂ ਸ਼ਰਮਿੰਦਾ ਹਾਂ
ਉਸ ਬਾਪ ਅੱਗੇ
ਜਿਸ ਦੇ ਨੈਣੀਂ ਅੱਥਰੂ
ਤੇ ਸੀਨੇ 'ਚ ਰੋਹ ਹੈ !
ਜਦ ਮੈਂ ਲੱਖਾਂ ਲੋਕਾਂ ਵਾਂਗ
ਆਪਣੇ ਸੌਣ-ਕਮਰੇ 'ਚ
ਰਜਾਈ ਦਾ ਨਿੱਘ ਮਾਣ ਰਿਹਾ ਸੀ ,
ਤੂੰ ਆਪਣੇ ਹੱਕਾਂ ਲਈ ਲੜਦੇ
ਮਾਂ ਬਾਪ ਤੋਂ ਵਿਦਾ ਹੋ ਗਈ ,
ਸਾਰਾ ਸ਼ਹਿਰ ਘੂਕ ਸੁੱਤਾ ਰਿਹਾ !
ਇਸ ਸ਼ਹਿਰ 'ਚ
ਮੈਂ ਵੀ ਸ਼ਾਮਿਲ ਹਾਂ ਬੱਚੀਏ !
ਹੱਕਾਂ ਤੇ ਡਾਕੇ ਮਾਰਦੇ
ਇਸ ਨਿਜ਼ਾਮ 'ਚ
ਜਿਉਣ ਤੋਂ ਤੇਰਾ ਇਨਕਾਰੀ ਹੋਣਾਂ
ਕੀ ਸਾਨੂੰ ਸੌਣ ਤੋਂ ਇਨਕਾਰੀ ਹੋਣਾਂ
ਨਹੀਂ ਸਿਖਾ ਸਕਦਾ !!
ਅਸੀਂ ਆਪਣੇ ਹੱਕਾਂ ਲਈ ਲੜਦੇ
ਠਰੀਆਂ ਰਾਤਾਂ 'ਚ
ਸੜਕਾਂ ਤੇ ਜਗਰਾਤੇ ਕੱਟਦੇ
ਜੁਝਾਰੂਆਂ ਨੂੰ ਭੁੱਲ ,
ਕਿਵੇਂ ਸੌਂ ਜਾਂਦੇ ਹਾਂ
ਆਰਾਮ ਦੀ ਨਿੱਘੀ ਨੀਂਦਰ

# Minimum wage: Question of Dignity




Ontario's minimum wage has been frozen since 2010. It's the second longest period minimum wage workers have gone without a raise since 1969.

Oftentimes discussions about how much and how often to raise the minimum wage get positioned in relation to potential harm to business: how much can businesses bear to pay for an hour of labour before they are negatively impacted?

It is becoming increasingly clear that by keeping wages low managers are, in fact, undermining their own bottom line. An increase in the minimum wage can actually be good for business. Low-wage workers who have enough money to meet their household needs – you know, like paying the rent AND buying food – tend to spend every extra dollar they earn. Pumping that money back into the economy, through consumer spending, fuels growth and increases sales at local businesses.

In Ontario, a full-time minimum wage worker earns 25% below the poverty line, effectively unable to make ends meet. An increase in their wages would mean a boost to both their individual well-being and that of the business they work for, reducing stress at home and boosting their productivity on the job. An undernourished worker who is worried about how to pay the bills at the end of the month is unlikely to be contributing all he or she could to the overall success of a business.

The financial health of individual workers and the overall health of an economy are inextricably linked. Robust economic growth cannot be attained without a hearty dose of consumer spending to grease the wheels of our economic engine. When businesses allow the wages of a growing share of the workforce to erode, they contribute to an overall decrease in the spending power of their own customers, slowing down economic recovery efforts from the 2008 recession.

Instead of starting with the question "what businesses are willing to pay?", why don't we start with how much people need to earn to meet their needs and actively participate in the economy. A $14-an-hour minimum wage would ensure a full-time minimum wage worker earns 10% above the poverty line. At $14.50, a minimum wage worker would earn within 60% of the average full-time worker in Ontario.

You know what else a $14 minimum wage could do? It could help ensure that every job is a good job. Shouldn't that be the economic goal?

# ਸੰਘਰਸ਼ ਦੇ ਪਿੜ 'ਚੋਂ

ਖੱਬੇ-ਪੱਖੀ ਧਿਰਾਂ ਤੋਂ ਇਲਾਵਾ ਹੋਰ ਜਨਤਕ ਜਥੇਬੰਦੀਆਂ ਦੀ ਲੋਕ-ਪੱਖੀ ਅੰਦੋਲਨਾਂ ਵਿੱਚ ਸ਼ਲਾਘਾਯੋਗ ਭੂਮਿਕਾ ਰਹੀ ਹੈ ਪਰ ਸਿਆਸਤ ਦੀ ਸ਼ਤਰੰਜ ਨੇ ਸੱਤਾਧਾਰੀਆਂ ਦੀਆਂ ਤਰਜੀਹਾਂ ਬਦਲ ਦਿੱਤੀਆਂ ਹਨ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀਆਂ ਹਾਕਮ ਧਿਰਾਂ ਹੱਕ ਮੰਗਦੇ ਵਿਦਿਆਰਥੀਆਂ, ਅਧਿਆਪਕਾਂ, ਡਾਕਟਰਾਂ, ਬੇਰੁਜ਼ਗਾਰਾਂ, ਲਾਈਨਮੈਨਾਂ ਅਤੇ ਕਿਸਾਨਾਂ ਸਮੇਤ ਸਮਾਜ ਦੇ ਹੋਰ ਚੇਤਨ ਵਰਗਾਂ ਨੂੰ ਪਹਿਲਾਂ ਘੁਰਕੀ ਤੇ ਫਿਰ ਸਰਕਾਰੀ ਡੰਡੇ ਨਾਲ ਦਬਾਉਣ ਦੇ ਰਾਹ ਪੈ ਗਈਆਂ ਹਨ। ਇਸ ਨੀਤੀ ਤਹਿਤ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਸਰਕਾਰੀ ਰੋਹ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਨ੍ਹਾਂ ਨੂੰ ਕੇਵਲ ਪੁਲੀਸ ਦੇ ਹੀ ਨਹੀਂ ਬਲਕਿ 'ਜਥੇਦਾਰਾਂ' ਅਤੇ ਉਨ੍ਹਾਂ ਦੇ ਜ਼ਰਖ਼ਰੀਦ ਲੱਠਮਾਰਾਂ ਦੇ ਕਹਿਰ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਲੋਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਕਰਨ ਦੀ ਥਾਂ ਸਰਕਾਰ ਸੰਘਰਸ਼ਸ਼ੀਲ ਧਿਰਾਂ ਨੂੰ ਦਬਾਉਣ ਦੇ ਰਾਹ ਪੈ ਗਈ ਹੈ। ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਸਮੇਂ ਸੰਘਰਸ਼ਾਂ ਦੀ ਮੂਹਰਲੀ ਕਤਾਰ ਵਿੱਚ ਰਹਿਣ ਵਾਲੀ ਧਿਰ ਹੁਣ ਹੱਕ ਮੰਗਦੇ ਲੋਕਾਂ 'ਤੇ ਲਾਠੀਆਂ ਵਰ੍ਹਾ ਰਹੀ ਹੈ ਅਤੇ ਉਨ੍ਹਾਂ ਤੋਂ ਹੱਕ ਮੰਗਣ ਅਤੇ ਸੰਘਰਸ਼ ਕਰਨ ਦਾ ਜਮਹੂਰੀ ਅਧਿਕਾਰ ਖੋਹ ਰਹੀ ਹੈ। ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਦੀ ਆਵਾਜ਼ ਉਠਾਉਣ ਵਾਲੇ ਨਿਹੱਥੇ ਲੋਕਾਂ ਨੂੰ ਜਨਤਕ ਇਕੱਠਾਂ ਵਿੱਚ ਪੁਲੀਸ ਤੇ ਪਾਰਟੀ ਵਰਕਰਾਂ ਵੱਲੋਂ ਬੇਰਹਿਮੀ ਨਾਲ ਕੁੱਟੇ-ਮਾਰੇ ਜਾਣ ਦੀਆਂ ਘਟਨਾਵਾਂ ਜਿੱਥੇ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਪੇਸ਼ ਕਰਦੀਆਂ ਹਨ, ਉੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੇ ਲੋਕਾਂ ਵੱਲੋਂ ਚੁੱਪ-ਚੁਪੀਤੇ ਇਹ ਤਮਾਸ਼ਾ ਵੇਖਣਾ ਹੋਰ ਵੀ ਅਫ਼ਸੋਸਨਾਕ ਵਰਤਾਰਾ ਹੈ। ਜਬਰ-ਜ਼ੁਲਮ ਵਿਰੁੱਧ ਹਿੱਕਾਂ ਤਾਣ ਕੇ ਖੜ੍ਹਨ ਵਾਲੇ ਲੋਕਾਂ ਦੀ ਜ਼ਮੀਰ ਇੰਨੀ ਮਰ ਗਈ ਹੈ ਕਿ ਉਹ ਆਪਣੀਆਂ ਅੱਖਾਂ ਸਾਹਮਣੇ ਨਿਹੱਥੇ ਧੀਆਂ-ਪੁੱਤਾਂ ਨੂੰ ਕੁੱਟਿਆ ਜਾ ਰਿਹਾ ਵੇਖ ਕੇ ਵੀ ਜਾਗਦੀ ਨਹੀਂ। ਹੜ੍ਹਾਂ ਅਤੇ ਹੋਰ ਕੁਦਰਤੀ ਆਫ਼ਤ ਸਮੇਂ ਪੀੜਤਾਂ ਨੂੰ ਰਾਹਤ ਸਮੱਗਰੀ ਦੇਣ ਵਾਲੇ ਪੁਲੀਸ ਦੇ ਦਾਬੇ ਹੇਠ ਸੜਕ 'ਤੇ ਬੈਠੇ ਠੰਢ ਨਾਲ ਠੁਰ-ਠੁਰ ਕਰ ਰਹੇ ਆਪਣੇ ਪੁੱਤਾਂ-ਧੀਆਂ ਨੂੰ ਕੰਬਲ-ਰਜਾਈਆਂ ਦੇਣ ਤੋਂ ਵੀ ਡਰ ਰਹੇ ਹਨ ਜਿਸ ਕਾਰਨ ਇੱਕ ਨੰਨ੍ਹੀ ਜਿੰਦ ਸਦਾ ਦੀ ਨੀਂਦ ਸੌਂ ਗਈ।

ਸਮਾਜ ਦਾ ਇਹ ਵਰਤਾਰਾ ਸਾਨੂੰ ਗ਼ੁਲਾਮੀ ਵੱਲ ਲੈ ਜਾਣ ਦਾ ਸੰਕੇਤ ਹੈ ਕਿਉਂਕਿ ਜਮਹੂਰੀਅਤ ਤਾਂ ਪਹਿਲਾਂ ਹੀ ਹਾਸ਼ੀਏ 'ਤੇ ਜਾ ਚੁੱਕੀ ਹੈ। ਮਾਸੂਮ ਬੱਚੀ ਦੀ ਮੌਤ ਇਸ ਗੱਲ ਦੀ ਵੀ ਸੂਚਕ ਹੈ ਕਿ ਲੋਕਾਂ ਵਿੱਚੋਂ ਮੋਹ-ਪਿਆਰ ਅਤੇ ਤਰਸ ਦੀ ਭਾਵਨਾ ਖ਼ਤਮ ਹੁੰਦੀ ਜਾ ਰਹੀ ਹੈ। ਰੁਜ਼ਗਾਰ ਦਾ ਮਾਮਲਾ ਪੁੱਤਾਂ-ਧੀਆਂ ਦੇ ਮੋਹ ਉੱਤੇ ਭਾਰੂ ਹੁੰਦਾ ਜਾ ਰਿਹਾ ਹੈ। ਸਰਕਾਰਾਂ, ਪ੍ਰਸ਼ਾਸਨ, ਪੁਲੀਸ ਅਤੇ ਸਮਾਜ ਦੀ ਸੰਵੇਦਨਹੀਣਤਾ ਜੱਗ-ਜ਼ਾਹਰ ਹੋ ਗਈ ਹੈ। ਨੰਨ੍ਹੀ ਛਾਂ ਦੇ ਢੰਡੋਰਚੀਆਂ ਉੱਤੇ ਵੀ ਇਹ ਦਰਦਨਾਕ ਘਟਨਾ ਸਵਾਲੀਆ ਨਿਸ਼ਾਨ ਲਾਉਂਦੀ ਵਿਖਾਈ ਦੇ ਰਹੀ ਹੈ। ਸਰਕਾਰ, ਪੁਲੀਸ ਅਤੇ ਪ੍ਰਸ਼ਾਸਨ ਮਾਸੂਮ ਬੱਚੀ ਦੀ ਮੌਤ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਸੰਘਰਸ਼ਸ਼ੀਲ ਧਿਰਾਂ ਨੂੰ ਵੀ ਇਹ ਸੋਚਣ ਦੀ ਜ਼ਰੂਰਤ ਹੈ ਕਿ ਆਪਣੇ ਹੱਕਾਂ ਦੀ ਲੜਾਈ ਵਿੱਚ ਕਿਸੇ ਉਸ ਮਾਸੂਮ ਦੀ ਜਾਨ ਨਾ ਜਾਵੇ ਜਿਸਨੂੰ ਇਸ ਵਰਤਾਰੇ ਦੀ ਹਾਲੇ ਸੋਝੀ ਵੀ ਨਹੀਂ ਹੈ। ਮਾਵਾਂ ਨੂੰ ਵੀ ਆਪਣੇ ਜਿਗਰ ਦੇ ਟੋਟਿਆਂ ਪ੍ਰਤੀ ਜ਼ਿੰਮੇਵਾਰੀ ਸਮਝਣ ਦੀ ਜ਼ਰੂਰਤ ਹੈ। ਸਮੁੱਚੇ ਸਮਾਜ ਨੂੰ ਸੁਆਰਥੀ ਸੋਚ ਅਤੇ ਸੰਵੇਦਨਹੀਣਤਾ ਛੱਡ ਕੇ ਉੱਚੀਆਂ-ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਭਵਿੱਖ ਵਿੱਚ ਹੋਰ ਮਾਸੂਮ ਜਿੰਦਾਂ ਅਣਮਨੁੱਖੀ ਸਮਾਜਿਕ ਵਰਤਾਰੇ ਦੀ ਭੇਟ ਨਾ ਚੜ੍ਹਨ।

# ਕਿਤਾਬ : ਜੀਵਨ ਜਾਚ ਦੇ ਸ.ਫ਼ਰ ਦੀ ਗਾਥਾ

**ਜਰਨੈਲ ਸਿੰਘ ਅੱਚਰਵਾਲ**




ਕਿਤਾਬ ਦੇ ਨਾਮ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸੁਭਾਸ਼ ਚੰਦਰ ਬੋਸ ਦੇ ਇਨਕਲਾਬੀ ਜੀਵਨ ਸੰਬੰਧੀ ਕਾਵਿ-ਪੁਸਤਕ (ਕਿੱਸਾ) ਹੈ। ਪੰਜਾਬੀ ਵਿੱਚ ਕਿੱਸਾਕਾਰੀ ਦੀ ਪ੍ਰੰਪਰਾ ਸਦੀਆਂ ਪੁਰਾਣੀ ਹੈ ਜਿਹੜੀ ਕਿ 20ਵੀਂ ਸਦੀ ਦੇ ਅੱਧ ਤੀਕ ਬੜੀ ਮਕਬੂਲ ਰਹੀ, ਅਤੇ ਵੀਹਵੀਂ ਸਦੀ ਦੇ ਮੱਧ ਤੋਂ ਲੈ ਕੇ ਪੈਂਤੀ ਚਾਲ਼ੀ ਸਾਲਾਂ ਤੀਕਰ, ਸਟੇਜਾਂ ਉੱਤੇ ਕਵੀਸ਼ਰੀ ਰਾਹੀਂ ਅਨੰਦ ਮੰਗਲ਼ ਲਾਉਣ ਵਾਲਿਆਂ ਵਿੱਚੋਂ, ਕਰਨੈਲ ਸਿੰਘ ਪਾਰਸ ਦਾ ਨਾਮ ਬਹੁ-ਚਰਚਿਤ ਕਵੀਸ਼ਰਾਂ ਵਿੱਚ ਸ਼ੁਮਾਰ ਰਖਦਾ ਹੈ। ਪਾਰਸ ਪੰਜਾਬੀ ਬੋਲੀ ਨੂੰ ਅਮੀਰਤ ਬਖ਼ਸ਼ਣ ਵਾਲ਼ਾ ਖ਼ੁਦਦਾਰ ਕਵੀ ਸੀ, ਜੋ ਦਿਲ ਦਾ ਸ਼ਾਹ ਤੇ ਰਹਿਣੀ ਵਿੱਚ ਸਾਦਗੀ ਅਤੇ ਸਮਾਜਿਕ ਜੀਵਨ ਵਿੱਚ ਸਦਾਚਾਰੀ ਗੁਣਾਂ ਵਾਲਾ ਕੁਸ਼ਲਤਾ ਭਰਪੂਰ ਮਨੁੱਖ ਸੀ। ਸਹਿਜਤਾ ਉਸਦਾ ਜੀਵਨ-ਅੰਗ ਸੀ। ਉਸਨੇ ਆਪਣੇ ਸਰੋਤਿਆਂ/ਪਾਠਕਾਂ ਨੂੰ ਸਦਾ ਹੀ ਅਮੀਰ ਵਿਰਸੇ ਨਾਲ਼ ਜੋੜੀ ਰੱਖਿਆ। ਅੱਜ ਵੀ ਅਨੇਕਾਂ ਗਾਇਕਾਂ ਰਾਹੀਂ ਉਸ ਦੀ ਰੂਹ ਦੀ ਆਵਾਜ਼ ਸਾਡੇ ਤੀਕ ਪਹੁੰਚ ਰਹੀ ਹੈ।

ਪਾਰਸ ਧੁਰ-ਅੰਦਰੋਂ ਸੂਖ਼ਮ ਭਾਵਨਾਵਾਂ ਵਾਲ਼ਾ ਤੇ ਬਾਹਰੋਂ ਖੱਦਰ ਵਰਗੇ ਗੁਣਾਂ ਵਾਲ਼ਾ ਹੰਢਣਸਾਰ ਜੱਟ ਕਿੱਸਾਕਾਰ ਸੀ। ਪਾਰਸ ਨੇ ਆਪਣੀ ਕਾਵਿ-ਸ਼ੈਲੀ ਰਾਹੀਂ ਸਿੱਖ ਇਤਿਹਾਸ ਦੇ ਅਮੀਰ ਪੱਖ ਅਤੇ ਆਜ਼ਾਦੀ ਘੁਲਾਟੀਆਂ ਦੀ ਦੇਸ਼-ਭਗਤੀ ਨੂੰ, ਪੰਜਾਬੀ ਸੱਭਿਆਚਾਰ ਤੇ ਅਧਿਆਤਮਿਕ ਭਾਵਨਾਂ ਦੀ ਜ਼ਬਾਨ ਦਿੱਤੀ ਹੈ। ਪਾਰਸ ਨੇ ਦੀਆਂ ਤੁਮਾਮ ਰਚਨਾਵਾਂ ਵਿੱਚ ਉਸ ਦੀ ਕਾਵਿ-ਸ਼ੈਲੀ ਦੀ ਧਨਾਟਗੀ ਥਾਂ-ਥਾਂ ਚਮਕਦੀ ਹੈ। ਉਸ ਨੇ ਆਪਣੀਆਂ ਰਚਨਾਵਾਂ ਨੂੰ ਅਯਛੋਹ ਤਸ਼ਬੀਹਾਂ, ਅਲੰਕਾਰਾਂ ਅਤੇ ਸਰਲਤਾ ਰਾਹੀਂ ਸਾਹਿਤਿਕ ਪੱਖੋਂ ਗੁਣਵਾਨ ਬਣਾਇਆ। ਇਹਨਾਂ ਗੁਣਾਂ ਰਾਹੀਂ ਹੀ ਉਸ ਦੀ ਅਨੁਭਵੀ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਪਾਰਸ ਦੇ ਇਸ ਗੁਣ ਨੂੰ ਵੀ ਵੱਡਾ ਗੁਣ ਹੀ ਕਿਹਾ ਜਾ ਸਕਦਾ ਹੈ ਕਿ ਜਿੰਨ੍ਹਾਂ ਸ਼ਬਦਾਂ ਦੇ ਅਰਥਾਂ ਨੂੰ ਉਹ ਮੰਨਣ ਤੋਂ ਆਪ ਇਨਕਾਰੀ ਸੀ , ਉਨ੍ਹਾਂ ਨੂੰ ਹੀ ਉਹ ਕਵਿਤਾ ਵਿੱਚ ਸੰਦ ਦੇ ਤੌਰ ਤੇ ਵਰਤਦਾ ਹੈ, ਜਿਵੇਂ ਰੱਬ, ਬਹਿਸ਼ਤ, ਪ੍ਰਲੋਕ ਆਦਿ।

ਹਥਲਾ ਕਿੱਸਾ, ਇਨਕਲਾਬੀ ਨੇਤਾ ਸੁਭਾਸ਼ ਬੋਸ ਦੇ ਇਕਨਲਾਬੀ ਜੀਵਨ, ਅੰਗਰੇਜ਼ ਦੀਆਂ ਕੁਟੱਲ ਨੀਤੀਆਂ-ਬਦਨੀਤੀਆਂ, ਪਾਸਾਰਵਾਦ, ਦੂਜੇ ਮਹਾਂ ਯੁੱਧ ਦੇ ਹਾਲਾਤ, ਹਿੰਦੋਸਤਾਨੀ ਇਨਕਲਾਬੀਆਂ ਦੀ ਸੂਰਮਗਤੀ, ਅਤੇ ਦੇਸ਼ ਉੱਤੋਂ ਤਨ ਮਨ ਧਨ ਵਾਰਨ ਦੇ ਨਿਸ਼ਚਿਆਂ ਨਾਲ਼ ਦੀ ਪਾਠਕ ਦੀ ਭਰਪੂਰ ਸਾਂਝ ਪੁਆਉਂਦਾ ਹੈ। ਇਹ ਕਿੱਸਾ, ਸੁਭਾਸ਼ ਦੇ ਬਚਪਨ ਤੋਂ ਸ਼ੁਰੂ ਹੋ ਕੇ ਉਸ ਦੇ ਦੂਜੇ ਸੰਸਾਰ ਯੁੱਧ ਸਮੇਂ ਕੀਤੇ ਕੰਮਾਂ ਦਾ ਵਿਸਥਾਰਪੂਰਵਕ ਵਰਨਣ ਕਰਦਾ, ਆਜ਼ਾਦ ਹਿੰਦਾ ਫ਼ੌਜ ਦੇ ਅੰਤਲੇ ਸਮੇਂ ਤੀਕ ਪਹੁੰਚ ਜਾਂਦਾ ਹੈ। ਕਿੱਸੇ ਅੰਦਰ ਲਗਾਤਾਰਤਾ ਬਣੀ ਰਹਿੰਦੀ ਹੈ, ਕੋਈ ਕੜੀ ਟੁੱਟਣ ਨਹੀਂ ਦਿੱਤੀ ਗਈ। ਸਾਹਿਤਿਕ ਗੁਣਾਂ ਨਾਲ਼ ਭਰਪੂਰ ਕਵਿਤਾ ਵਿੱਚ ਗੜੁੱਚ ਇਸ ਕਿੱਸੇ ਦੀ ਸ਼ਾਇਰੀ ਦੇ ਨਾਲ਼ ਨਾਲ਼ ਇਸ ਵਿੱਚ ਰੌਚਕਤਾ ਦਾ ਅੰਸ਼ ਵੀ ਲਗਾਤਾਰ ਚਲਦਾ ਹੈ। ਕਿੱਸਾ ਪੜ੍ਹਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਨਕਲਾਬੀ ਸੁਭਾਸ਼ ਕਾਂਗਰਸੀ ਹੋ ਕੇ ਵੀ ਕਾਂਗਰਸ ਵਿੱਚ ਕਿਉਂ ਨਹੀਂ ਸਮਾਅ ਸਕਿਆ।

1946-47 ਵਿੱਚ, ਬੈਂਤਾਂ ਵਿੱਚ ਲਿਖੇ ਇਸ ਕਿੱਸੇ ਵਿੱਚ ਕਰਨੈਲ ਸਿੰਘ ਪਾਰਸ ਨੇ ਜਿੱਥੇ ਸੀਮਤ ਸਾਧਨਾਂ ਰਾਹੀਂ ਸੁਭਾਸ਼ ਚੰਦਰ ਬੋਸ ਦੀ ਮੁਢਲੀ ਜੀਵਨੀ ਦੇ ਵੇਰਵੇ ਇਕੱਤਰ ਕਰਨ ਦਾ ਕਮਾਲ ਕੀਤਾ, ਉੱਥੇ ਸੁਭਾਸ਼ ਬੋਸ ਵੱਲੋਂ ਗ਼ਦਰ ਪਾਰਟੀ ਨਾਲ਼ ਸੰਬੰਧ ਪੈਦਾ ਕਰਨਾ, ਗ਼ਦਰੀ ਬਾਬਿਆਂ ਦਾ ਉਸ ਨੂੰ ਪੈਦਲ ਰਸਤੇ ਆਪਣੇ ਅਫ਼ਗਾਨਿਸਤਾਨ ਵਿਚਲੇ ਕਾਬਲ ਸੈਂਟਰ ਤੀਕ ਲੈ ਕੇ ਜਾਣਾ ਅਤੇ ਅੱਗੇ ਹਿਟਲਰ ਤੀਕ ਪਹੁੰਚਾਉਣਾ, ਵੀ ਬਿਆਨਿਆਂ ਹੈ।

ਸਮੱਚਾ ਕਿੱਸਾ ਪੜ੍ਹਦਿਆਂ ਇਹ ਅਹਿਸਾਰ ਹੁੰਦਾ ਹੈ ਕਿ ਆਪਣੀ ਰਚਨਾ ਵਿੱਚ ਪਾਰਸ ਜਿੱਥੇ ਸਾਹਿਤਿਕ ਰੰਗ ਨੂੰ ਫਿੱਕਾ ਨਹੀਂ ਪੈਣ ਦਿੰਦਾ, ਓਥੇ ਉਹ ਪੰਜਾਬੀ ਦੇ ਨਾਲ਼ ਨਾਲ਼ ਉਰਦੂ ਫ਼ਾਰਸੀ ਜ਼ਬਾਨਾਂ ਉੱਤੇ ਵੀ ਪਕੜ ਰਖਦਾ ਸੀ। ਕਿੱਸੇ ਅੰਦਰ ਇਹਨਾਂ ਭਾਸ਼ਾਵਾਂ ਦੇ ਸ਼ਬਦਾਂ ਦੀ ਭਰਪੂਰ ਵਰਤੋਂ ਨਜ਼ਰ ਆਉਂਦੀ ਹੈ, ਜਿਵੇਂ ਆਬਿ-ਹਯਾਤ (ਸੁਰਗ ਦਾ ਪਾਣੀ), ਮਾਦਰੇ-ਵਤਨ (ਭਾਰਤ ਮਾਂ), ਕਾਦਰ ਕਰੀਮ (ਰੱਬ), ਗੋਸ਼ਾ-ਨਸ਼ੀਨ (ਗੁਪਤਵਾਸੀ), ਰਕੀਬ (ਦੁਸ਼ਮਣ), ਹਬੀਬ (ਮਿੱਤਰ), ਮੁਨਸਿਫ਼ (ਨਿਆਂ ਕਰਨ ਵਾਲ਼ਾ), ਕਮਰ-ਬਸਤਾ (ਕਮਰਕੱਸਾ) ਆਦਿਕ।

ਕੁੱਲ ਮਿਲਾ ਕੇ ਇਹ ਕਿੱਸਾ, ਕਿੱਸਾਕਾਰੀ ਦੀ ਰਵਾਇਤ ਵਿੱਚ ਇਕ ਮੁੱਲਵਾਨ ਵਾਧਾ ਹੈ। ਇਹ ਰਚਨਾ ਕਿੱਸਾਕਾਰੀ ਦੇ ਢਲ਼ਦੇ ਦਿਨਾਂ ਵਿੱਚ ਕੀਤੀ ਹੋਈ ਅਤਿਅੰਤ ਰੌਚਿਕ ਅਤੇ ਸਾਹਿਤਿਕ ਰਚਨਾ ਦੇ ਨਾਲ਼ ਨਾਲ਼ ਇਕ ਇਤਿਹਾਸਿਕ ਦਸਤਾਵੇਜ਼ ਵੀ ਹੈ। ਮੈਂ ਯੂਨੀਵਰਸਿਟੀਆਂ ਦੇ ਖੋਜਕਾਰਾਂ ਅਤੇ ਵਿਦਿਆਰਥੀਆਂ ਤੋਂ ਆਸ ਕਰਾਂਗਾ ਕਿ ਇਸ ਰਚਨਾ ਨੂੰ ਆਪਣੀ ਖੋਜ ਦਾ ਹਿੱਸਾ ਬਣਾਉਣ!

ਸੰਘਰਸ਼ ਦੇ ਪਿੜ 'ਚੋਂ

# ਕਿਸਾਨ ਮਜ਼ਦੂਰ ਧਰਨੇ ਦੇ ਛੇਵੇਂ ਦਿਨ ਉਮੜਿਆ ਭਾਰੀ ਇਕੱਠ, ਸੰਘਰਸ਼ 'ਚ ਡਟੇ ਰਹਿਣ ਦਾ ਜ਼ੋਰਦਾਰ ਐਲਾਨ









ਕਿਸਾਨ ਮਜ਼ਦੂਰ ਮੰਗਾਂ ਨੂੰ ਲੈ ਕੇ ਮਿੰਨੀ ਸਕੱਤਰੇਤ ਬਠਿੰਡਾ ਸਾਹਮਣੇ ਚੱਲ ਰਿਹਾ ਧਰਨਾ ਅੱਜ ਵੀ ਜਾਰੀ ਰਿਹਾ। ਅੱਜ ਦੇ ਦਿਨ ਪੰਜਾਬ ਦੇ ਕੋਨੇ ਕੋਨੇ ਤੋਂ ਭਾਰੀ ਗਿਣਤੀ 'ਚ ਖੇਤ ਮਜ਼ਦੂਰ ਕਿਸਾਨ ਤੇ ਵਿਸ਼ੇਸ਼ ਤੌਰ 'ਤੇ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਕਿਸਾਨ ਮਜ਼ਦੂਰ ਜਥੇਬੰਦੀ ਦੇ ਸੱਦੇ 'ਤੇ ਬਠਿੰਡਾ ਧਰਨੇ 'ਚ ਪੁੱਜੇ ਲੋਕਾਂ ਦੀ ਗਿਣਤੀ ਅੱਜ ਧਰਨੇ ਦੇ ਪਿਛਲੇ ਸਾਰੇ ਦਿਨਾਂ ਨਾਲੋਂ ਟੱਪ ਗਈ। ਦੂਜੇ ਪਾਸੇ ਸਰਕਾਰ ਦੇ ਸੱਦੇ 'ਤੇ ਚੰਡੀਗੜ੍ਹ ਗੱਲਬਾਤ ਲਈ ਗਏ ਵਫ਼ਦ ਨੇ ਫ਼ੋਨ 'ਤੇ ਸੂਚਿਤ ਕੀਤਾ ਕਿ ਗੱਲਬਾਤ ਬੇਸਿੱਟਾ ਰਹੀ। ਵਫ਼ਦ 'ਚ ਜੋਗਿੰਦਰ ਸਿੰਘ ਉਗਰਾਹਾਂ, ਝੰਡਾ ਸਿੰਘ ਜੇਠੂਕੇ, ਲਛਮਣ ਸਿੰਘ ਸੇਵੇਵਾਲਾ ਤੇ ਜਸਵੰਤ ਰਾਏ ਮੁਕਤਸਰ ਸ਼ਾਮਲ ਸਨ। ਜਿਨ੍ਹਾਂ ਨੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਐਸ.ਕੇ.ਸੰਧੂ ਅਤੇ ਹੋਰਨਾਂ ਸਰਕਾਰੀ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਅੱਜ ਦੀ ਮੀਟਿੰਗ ਦੀ ਕਾਰਵਾਈ ਉੱਪਰ ਕਿਸਾਨ ਮਜ਼ਦੂਰ ਨੁਮਾਇੰਦਿਆਂ ਨੇ ਨਾ-ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਪੇਸ਼ਕਸ਼ਾਂ ਨੂੰ ਦੋਹਾਂ ਜਥੇਬੰਦੀਆਂ ਦੀਆਂ ਸੂਬਾ ਕਮੇਟੀਆਂ 'ਚ ਵਿਚਾਰਨ ਮਗਰੋਂ ਅਗਲੀ ਕਾਰਵਾਈ ਦਾ ਐਲਾਨ ਕੀਤਾ ਜਾਵੇ।

ਅੱਜ ਧਰਨੇ ਦੌਰਾਨ ਜੁੜੇ ਭਾਰੀ ਇਕੱਠ ਨੂੰ ਸੰਬੋਧਨ ਕਰਨ ਵਾਲੇ ਸਭਨਾਂ ਬੁਲਾਰਿਆਂ ਨੇ ਸਰਕਾਰ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਨਿੰਦਾ ਕਰਦਿਆਂ ਸਰਕਾਰੀ ਖੇਤੀ ਸੰਮੇਲਨ ਨੂੰ ਸਿਆਸੀ ਡਰਾਮਾ ਕਰਾਰ ਦਿੱਤਾ। ਇਕੱਠ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਕੋਕਰੀ ਕਲਾਂ, ਜ਼ੋਰਾ ਸਿੰਘ ਨਸਰਾਲੀ, ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ ਤੇ ਹੋਰ ਤਿੱਖਾ ਹੋਵੇਗਾ। ਧਰਨੇ 'ਚੋਂ ਬਠਿੰਡੇ ਜ਼ਿਲ੍ਹੇ ਦੇ ਨੇੜਲੇ ਪਿੰਡਾਂ ਵਿੱਚ ਗਏ ਕਾਫ਼ਲੇ ਨੂੰ ਮਿਲਿਆ ਹੁੰਗਾਰਾ ਦਰਸਾ ਰਿਹਾ ਹੈ ਕਿ ਮਿਹਨਤਕਸ਼ ਲੋਕਾਂ ਦੀਆਂ ਉਮੀਦਾਂ ਇਸ ਧਰਨੇ 'ਤੇ ਟਿਕੀਆਂ ਹੋਈਆਂ ਹਨ ਕਿਉਂਕਿ ਇਨ੍ਹਾਂ ਸਮੁੱਚੀਆਂ ਮੰਗਾਂ ਦੀ ਪ੍ਰਾਪਤੀ ਹੀ ਉਨ੍ਹਾਂ ਦੀ ਜ਼ਿੰਦਗੀ 'ਚ ਕੁਝ ਰਾਹਤ ਲਿਆਉਣ ਦਾ ਸਬੱਬ ਬਣ ਸਕਦੀ ਹੈ। ਮਿਹਨਤਕਸ਼ ਕਿਸਾਨ ਮਜ਼ਦੂਰ ਜਨਤਾ ਪੂਰੇ ਜੋਸ਼ ਖਰੋਸ਼ ਤੇ ਪੱਕੇ ਇਰਾਦੇ ਧਾਰ ਕੇ ਧਰਨੇ 'ਚ ਸ਼ਾਮਲ ਹੋ ਰਹੀ ਹੈ। ਅੱਜ ਦੇ ਧਰਨੇ ਨੂੰ ਦੋਹਾਂ ਜਥੇਬੰਦੀਆਂ ਦੇ ਵੱਖ ਵੱਖ ਜ਼ਿਲ੍ਹਾ ਆਗੂਆਂ ਸੁਖਮੰਦਰ ਸਿੰਘ ਵਜੀਦਪੁਰ, ਨਛੱਤਰ ਸਿੰਘ ਰਣ ਸਿੰਘ ਵਾਲਾ, ਤਰਲੋਕ ਸਿੰਘ ਹਿੰਮਤਪੁਰਾ, ਸੌਦਾਗਰ ਸਿੰਘ ਘੁਡਾਣੀ, ਹੇਮਰਾਜ ਬਾਦਲ, ਬੁੱਕਣ ਸਿੰਘ ਸੱਦੋਵਾਲ, ਰਾਮ ਸਿੰਘ ਭੈਣੀਬਾਘਾ, ਮੇਜਰ ਸਿੰਘ ਕਾਲੇਕੇ, ਹਰਭਗਵਾਨ ਮੂਣਕ, ਪਰਮਜੀਤ ਕੌਰ ਸਲੇਮਗੜ੍ਹ, ਸੁਰਜੀਤ ਕੌਰ ਤੁੰਗਵਾਲੀ, ਕਰਮਜੀਤ ਕੌਰ ਲਹਿਰਾ ਖਾਨਾ ਤੇ ਹਰਿੰਦਰ ਕੌਰ ਬਿੰਦੂ ਨੇ ਸੰਬੋਧਨ ਕੀਤਾ। ਇਸ ਤੋਂ ਬਿਨਾਂ ਅੱਜ ਦੇ ਇਕੱਠ 'ਚ ਸ਼੍ਰੋਮਣੀ ਕਮੇਟੀ ਵੱਲੋਂ ਜ਼ਮੀਨ ਖੋਹਣ ਖਿਲਾਫ਼ ਸੰਘਰਸ਼ ਕਰ ਰਹੇ ਭੁੱਲਰ ਭਾਈਚਾਰੇ ਦੇ ਸੰਘਰਸ਼ਸ਼ੀਲ ਲੋਕਾਂ ਦਾ ਇੱਕ ਜਥਾ ਵੀ ਸ਼ਾਮਲ ਹੋਇਆ ਤੇ ਕਿਸਾਨ ਸੰਘਰਸ਼ ਨੂੰ ਹਰ ਤਰ੍ਹਾਂ ਦੇ ਸਮਰਥਨ ਦਾ ਐਲਾਨ ਕੀਤਾ ਤੇ ਭਾਈਚਾਰੇ ਦੇ ਆਗੂ ਬਲਦੇਵ ਸਿੰਘ ਨੇ ਇਕੱਠ ਨੂੰ ਸੰਬੋਧਨ ਕੀਤਾ।

ਜ਼ਿਕਰਯੋਗ ਹੈ ਕਿ ਕਿਸਾਨ ਮਜ਼ਦੂਰ ਪਿਛਲੇ 6 ਦਿਨਾਂ ਤੋਂ ਅਣਮਿਥੇ ਸਮੇਂ ਦੇ ਧਰਨੇ 'ਤੇ ਬੈਠ ਕੇ ਮੰਗ ਕਰ ਰਹੇ ਹਨ ਕਿ ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਤੇ ਨੌਕਰੀ ਤੁਰੰਤ ਦਿੱਤੇ ਜਾਣ, ਸਰਵੇ ਤੋਂ ਬਾਹਰ ਰਹਿ ਗਏ ਪੀੜਤਾਂ ਨੂੰ ਵੀ ਸਰਵੇ ਵਿੱਚ ਸ਼ਾਮਲ ਕੀਤਾ ਜਾਵੇ ਤੇ ਸਰਵੇ 1990 ਤੋਂ ਕਰਵਾਇਆ ਜਾਵੇ, ਸੂਦਖੋਰੀ ਨੂੰ ਨੱਥ ਮਾਰਦਾ ਕਰਜ਼ਾ ਕਾਨੂੰਨ ਬਣਾਇਆ ਜਾਵੇ, ਕਰਜ਼ੇ ਮੋੜਨ ਤੋਂ ਬੇਵੱਸ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਖ਼ਤਮ ਕੀਤੇ ਜਾਣ, ਮੂਲ ਤੋਂ ਵੱਧ ਵਿਆਜ਼ ਵਸੂਲਣ ਤੇ ਕਰਜ਼ੇ ਬਦਲੇ ਕੁਰਕੀਆਂ ਗ੍ਰਿਫ਼ਤਾਰੀਆਂ 'ਤੇ ਰੋਕ ਲਾਈ ਜਾਵੇ, ਗੋਬਿੰਦਪੁਰਾ (ਮਾਨਸਾ) ਦੇ ਰੁਜ਼ਗਾਰ ਉਜਾੜੇ ਮੂੰਹ ਧੱਕੇ 150 ਮਜ਼ਦੂਰ ਪਰਿਵਾਰਾਂ ਨੂੰ 3-3 ਲੱਖ ਰੁਪਏ ਦਾ ਮੁਆਵਜ਼ਾ ਦੇਣ ਸਣੇ ਪੂਰਾ ਜ਼ਮੀਨੀ ਸਮਝੌਤਾ ਲਾਗੂ ਕੀਤਾ ਜਾਵੇ, ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਨੂੰ ਘਰੇਲੂ ਲੋੜਾਂ ਅਤੇ ਸਵੈ ਰੁਜ਼ਗਾਰ ਲਈ ਅਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਫ਼ਸਲੀ ਕਰਜ਼ੇ ਵੀ ਬਿਨਾਂ ਵਿਆਜ਼ ਤੋਂ ਦਿੱਤੇ ਜਾਣ, ਜਗੀਰਦਾਰਾਂ, ਸੂਦਖੋਰਾਂ ਆੜ੍ਹਤੀਆਂ, ਫਾਈਨਾਂਸ ਕੰਪਨੀਆਂ ਅਤੇ ਖੇਤੀ ਲਾਗਤ ਵਸਤਾਂ ਦੇ ਵਪਾਰੀਆਂ ਵਗੈਰਾ ਨੂੰ 4 ਪ੍ਰਤੀਸ਼ਤ ਸਾਲਾਨਾ ਵਿਆਜ ਵਾਲੇ ਖੇਤੀ ਕਰਜ਼ਿਆਂ ਦੀ ਸੂਚੀ ਵਿੱਚੋਂ ਬਾਹਰ ਕੱਢਿਆ ਜਾਵੇ। ਜ਼ਮੀਨੀ ਸੁਧਾਰ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ, ਬੇਘਰੇ ਲੋਕਾਂ ਨੂੰ ਪਲਾਟ ਦਿੱਤੇ ਜਾਣ, ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਉੱਪਰ ਕਾਬਜ਼ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਆਟਾ ਦਾਲ ਸਕੀਮ ਬਿਨਾਂ ਸ਼ਰਤ ਚਾਲੂ ਕੀਤੀ ਜਾਵੇ, ਪੰਜ ਏਕੜ ਤੋਂ ਘੱਟ ਮਾਲਕੀ ਵਾਲੇ ਸੱਤਰ ਹਜ਼ਾਰ ਕਿਸਾਨਾਂ ਨੂੰ ਖੇਤੀ ਮੋਟਰਾਂ ਦੇ ਕੁਨੈਕਸ਼ਨ ਸਰਕਾਰੀ ਖਰਚੇ 'ਤੇ ਤੁਰੰਤ ਜਾਰੀ ਕੀਤੇ ਜਾਣ, ਆਬਾਦਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ, ਮਨਰੇਗਾ ਤਹਿਤ ਪੂਰਾ ਸਾਲ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ ਅਤੇ ਪੰਜ ਏਕੜ ਤੱਕ ਖੇਤੀ ਦੇ ਸਾਰੇ ਕੰਮ ਮਨਰੇਗਾ ਅਧੀਨ ਲਿਆਂਦੇ ਜਾਣ, ਘਰੇਲੂ ਬਿਜਲੀ ਬਿਲਾਂ ਦੀ ਮੁਆਫ਼ੀ ਉੱਤੇ ਲਾਈ ਜਾਤ ਪਾਤ ਤੇ ਲੋਡ ਦੀ ਸ਼ਰਤ ਖ਼ਤਮ ਕੀਤੀ ਜਾਵੇ ਅਤੇ ਪਿਛਲੇ ਬਕਾਏ ਵੀ ਖ਼ਤਮ ਕੀਤੇ ਜਾਣ, ਸੰਘਰਸ਼ ਕਰਨ 'ਤੇ ਲਾਈਆਂ ਪਾਬੰਦੀਆਂ ਹਟਾਈਆਂ ਜਾਣ, ਆਵਾਰਾਂ ਗਊਆਂ ਤੇ ਹੋਰ ਪਸ਼ੂਆਂ ਦੀ ਸੰਭਾਲ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ।

**ਧਰਨੇ 'ਚ ਗੂੰਜੀਆਂ ਸੰਗੀਤਕ ਧੁਨਾਂ, 'ਜਾਗੋ' ਕੈਸੇਟ ਰਿਲੀਜ਼**

ਇਸ ਅਣਮਿਥੇ ਸਮੇਂ ਦੇ ਧਰਨੇ 'ਚ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੀ ਬਠਿੰਡਾ ਇਕਾਈ ਲੋਕ ਸੰਗੀਤ ਮੰਡਲੀ ਬਠਿੰਡਾ ਵੱਲੋਂ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਕਲਮ ਤੋਂ ਲਿਖੇ ਗੀਤਾਂ ਦੀ ਆਡੀਓ ਕੈਸੇਟ 'ਜਾਗੋ' ਜਾਰੀ ਕੀਤੀ ਗਈ। ਇਨ੍ਹਾਂ ਗੀਤਾਂ ਨੂੰ ਆਵਾਜ਼ ਨਵਦੀਪ ਧੌਲਾ ਅਤੇ ਜਸਵੰਤ ਦੀਵਾਨਾ ਨੇ ਦਿੱਤੀ ਅਤੇ ਕੈਸੇਟ ਦਾ ਸੰਗੀਤ ਲੋਕ ਬੰਧੂ ਨੇ ਦਿੱਤਾ ਹੈ। ਵੇਖਦੇ ਹੀ ਵੇਖਦੇ ਇਹ ਕੈਸੇਟ ਭਰੇ ਪੰਡਾਲ 'ਚੋਂ ਲੋਕ ਮਠਿਆਈਆਂ ਵਾਂਗ ਖਰੀਦ ਕੇ ਲੈ ਗਏ।

DYNAMIC TROPHIES & AWARDS
*Where We Make Your Winners Shine!*

We specialize in:

- Corporate awards
- Plaques
- Trophies
- Medals
- Crystal awards
- Glass awards
- Recognition products
- Executive gifts
- Promotional items



call: Raguhbir Singh or Komal
905.454.2636

224 Rutherford Road South, Suite 1
Brampton, ON L6W 3J6
dynamictrophies@hotmail.com
www.dynamictrophies.ca

ਸੰਘਰਸ਼ਮਈ ਗਾਥਾ

# Who killed innocent voice of dissent, Mr Badal?



Dear sir,

Thursday brought the sad news about the death of a 14-month-old daughter of a protesting unemployed teacher of cold in Bathinda. Her name was Rooth.

Rooth didn't know what the Employment Guarantee Scheme was. She didn't even know what a protest was. She was just 14 months old. The age not enough to even ask who a teacher is. The word unemployed, protest and lathicharge were not in her dictionary. Then why did she have to die such a painful death? Why did your administration force her to die, Mr Badal?

How can one forget the small and beautiful eyes of Rooth? I saw her picture in our paper on Thursday morning, in a yellow dress. She was sleeping in her mother's lap. Was she dreaming that her mother would get back her job one day?

Children dream too, sir. My mother says children's dreams are the most beautiful. She says they are not corrupted by worldly worries. But your administration is capable of killing their dreams too. The poet Pash once said the death of our dreams is the most terrible thing.

Rooth must have shivered a lot before succumbing to the cold wind freezing the bone marrow. And, the cold-hearted administration just let her die. The teachers protesting against your government were forced to sit under the open sky as all tent houses of the town were threatened against supplying quilts and tents to the protesters.

The local administration even told mediapersons not to cover the protest, saying it would die down its own death.

All of 14 months, Rooth was not a protester. She was of the age when a child holds the finger of her mother and follows her everywhere. Did she deserve such a death? Surprisingly, in the race for votes, even Nanni Chhan forgot to provide shelter to a girl child.

Let us not talk about the protests as almost everybody in the state is on the roads, protesting these days -- the linemen, MGNREGA workers, schoolteachers, lecturers, farmers and agricultural labourers. Will your government ban all kinds of protests?

In the season of summits, holding a summit of protests can be a saleable idea. And, for whom is Punjab 'Progressing' anyway? Certainly not for the poor people of the state where innocent children are forced to die on the roads. It must be progressing for the big money bags of the Congress, brokers of the BJP or ruthless landlords of the Akali Dal.

The protests have been here for decades. Many years ago, my father was one of these protesting teachers. He was employed but felt that if others were equally qualified, they too deserved the same job. Every parent then proudly took their children to the protests. But no one's child died. They were witness to the Emergency, they faced the AK-47s of terrorists and the repression from the police too. But they soldiered on for they believed that's how life becomes more beautiful. The struggle is paramount to make life worth living.

My father still recounts the days when your government had put thousands of teachers along with their children in jails for months. No child had died even then.

But, who will raise a memorial to Rooth? Who will write her obituary? Who will write a poem? Who will celebrate innocence? Who will celebrate childhood?

A mother has lost her child and with that her dreams too. Perhaps that mother was shivering under the open sky for a better future for Rooth. Your government has betrayed them and many others like them.

**Yours sincerely,**
**Vishav Bharti**
**Principal correspondent,**
**Hindustan Times**

# ਸੰਘਰਸ਼ ਦੌਰਾਨ ਅਧਿਆਪਕਾ ਦੀ ਬੱਚੀ ਦੀ ਮੌਤ

ਬਠਿੰਡਾ ਵਿੱਚ ਕਈ ਦਿਨਾਂ ਤੋਂ ਚੱਲ ਰਹੇ ਸੰਘਰਸ਼ ਵਿੱਚ ਸ਼ਾਮਲ ਈਜੀਐਸ ਮਹਿਲਾ ਅਧਿਆਪਕ ਦੀ ਬੱਚੀ ਦੀ ਅੱਜ ਜਾਨ ਚਲੀ ਗਈ ਜਿਸ ਤੋਂ ਭੜਕੇ ਹਜ਼ਾਰਾਂ ਈਜੀਐਸ ਅਧਿਆਪਕਾਂ ਨੇ ਬੱਚੀ ਦੀ ਲਾਸ਼ ਨੂੰ ਸੜਕ ’ਤੇ ਰੱਖ ਕੇ ਆਵਾਜਾਈ ਠੱਪ ਕਰ ਦਿੱਤੀ। ਦੇਰ ਸ਼ਾਮ ਤੱਕ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੋਈ ਮੀਟਿੰਗ ਵਿੱਚ ਕੋਈ ਗੱਲ ਸਿਰੇ ਨਾ ਲੱਗ ਸਕੀ ਜਿਸ ਕਰਕੇ ਅਧਿਆਪਕਾਂ ਨੇ ਅਣਮਿੱਥੇ ਸਮੇਂ ਲਈ ਸੜਕ ਜਾਮ ਰੱਖਣ ਦਾ ਐਲਾਨ ਕਰ ਦਿੱਤਾ ਹੈ। ਮੋਗਾ ਦੇ ਪਿੰਡ ਬੰਬੀਹਾ ਭਾਈ ਦੀ ਕਿਰਨਜੀਤ ਕੌਰ ਆਪਣੀ 14 ਮਹੀਨੇ ਦੀ ਬੱਚੀ ਰੂਥ ਨਾਲ ਬਠਿੰਡਾ ਦੀ ਪਾਣੀ ਵਾਲੀ ਟੈਂਕੀ ਦੇ ਹੇਠਾਂ ਧਰਨੇ ’ਤੇ ਬੈਠੀ ਸੀ। ਪੁਲੀਸ ਨੇ ਦੋ ਦਿਨ ਪਹਿਲਾਂ ਰਾਤ ਨੂੰ ਉਨ੍ਹਾਂ ਤੋਂ ਰਜਾਈਆਂ ਵਗੈਰਾ ਵੀ ਖੋਹ ਲਈਆਂ ਸਨ ਜਿਸ ਕਰਕੇ ਬੱਚੀ ਨੂੰ ਠੰਢ ਲੱਗ ਗਈ ਸੀ। ਅੱਜ ਹਸਪਤਾਲ ਵਿੱਚ ਤੜਕੇ ਪੌਣੇ ਦੋ ਵਜੇ ਬੱਚੀ ਦੀ ਮੌਤ ਹੋ ਗਈ। ਅੱਜ ਸਵੇਰੇ ਜਦੋਂ ਬੱਚੀ ਦੀ ਮੌਤ ਦੀ ਖ਼ਬਰ ਮਿਲੀ ਤਾਂ ਪੰਜਾਬ ਭਰ ’ਚੋਂ ਈਜੀਐਸ ਅਧਿਆਪਕ ਬਠਿੰਡਾ ਪੁੱਜਣੇ ਸ਼ੁਰੂ ਹੋ ਗਏ ਸਨ। ਕਰੀਬ 12 ਵਜੇ ਤੱਕ ਅਧਿਆਪਕਾਂ ਨੇ ਰੇਲਵੇ ਰੋਡ ’ਤੇ ਬੱਚੀ ਦੀ ਲਾਸ਼ ਰੱਖ ਕੇ ਜਾਮ ਲਾਈ ਰੱਖਿਆ। ਉਸ ਮਗਰੋਂ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਅਤੇ ਹਨੂੰਮਾਨ ਚੌਂਕ ਲਾਗੇ ਜਾਮ ਲਗਾ ਦਿੱਤਾ।

ਦੁਪਹਿਰ ਵੇਲੇ ਅਧਿਆਪਕਾਂ ਨੇ ਬੱਸ ਅੱਡੇ ਅੱਗੇ ਸੜਕ ਜਾਮ ਕਰ ਦਿੱਤੀ ਜਿਸ ਕਰਕੇ ਦਰਜਨਾਂ ਬੱਸਾਂ ਅੱਡੇ ਦੇ ਅੰਦਰ ਹੀ ਫਸ ਗਈਆਂ। ਸੜਕ ਜਾਮ ਹੋਣ ਕਰਕੇ ਆਵਾਜਾਈ ਪ੍ਰਭਾਵਿਤ ਰਹੀ। ਅਧਿਆਪਕਾਂ ਨੇ ਗੁੱਸੇ ਵਿੱਚ ਆ ਕੇ ਮੁੱਖ ਮੰਤਰੀ, ਹਰਸਿਮਰਤ ਕੌਰ ਬਾਦਲ, ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਜ਼ਿਲ੍ਹਾ ਪੁਲੀਸ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ।



ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲੀਸ ਮੁੱਖ ਮੰਤਰੀ ਦੇ ਬਠਿੰਡਾ ਜ਼ਿਲ੍ਹੇ ਵਿੱਚ ਚੱਲ ਰਹੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿੱਚ ਉਲਝੇ ਰਹੇ। ਜਦੋਂ ਮੁੱਖ ਮੰਤਰੀ ਦੇ ਪ੍ਰੋਗਰਾਮ ਖ਼ਤਮ ਹੋਏ ਤਾਂ ਪ੍ਰਸ਼ਾਸਨ ਨੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਪ੍ਰਾਸ਼ਰ ਨੂੰ ਭੇਜ ਕੇ ਅਧਿਆਪਕਾਂ ਨਾਲ ਗੱਲ ਚਲਾਈ। ਈਜੀਐਸ ਅਧਿਆਪਕ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸੁਖਚੈਨ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਦੋਸ਼ੀ ਪੁਲੀਸ ਅਫ਼ਸਰਾਂ ਖ਼ਿਲਾਫ਼ ਕੇਸ ਦਰਜ ਕਰੇ ਜਿਨ੍ਹਾਂ ਕਰਕੇ ਇੱਕ ਬੱਚੀ ਦੀ ਜਾਨ ਚਲੀ ਗਈ ਹੈ। ਅਧਿਆਪਕਾਂ ਦਾ ਕਹਿਣਾ ਸੀ ਕਿ ਬਠਿੰਡਾ ਪੁਲੀਸ ਦੇ ਅਫ਼ਸਰਾਂ ਦਾ ਰਵੱਈਆ ਠੀਕ ਨਹੀਂ ਹੈ ਜਿਸ ਕਰਕੇ ਇੱਕ ਬੱਚੀ ਨੂੰ ਜਾਨ ਤੋਂ ਹੱਥ ਧੋਣੇ ਪਏ ਹਨ। ਪੁਲੀਸ ਨੇ ਤਾਂ ਟੈਂਟਾਂ ਵਾਲਿਆਂ ਨੂੰ ਵੀ ਰੋਕ ਰੱਖਿਆ ਹੈ ਕਿ ਕਿਸੇ ਸੰਘਰਸ਼ ਵਾਲੇ ਨੂੰ ਰਜਾਈਆਂ ਜਾਂ ਦਰੀ ਵਗੈਰਾ ਨਹੀਂ ਦੇਣੀ ਹੈ। ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਅਤੇ ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਅਧਿਆਪਕਾਂ ਦੇ ਵਫ਼ਦ ਨਾਲ ਲੰਮੀ ਮੀਟਿੰਗ ਕੀਤੀ ਅਤੇ ਉਨ੍ਹਾਂ ਦਾ ਗੁੱਸਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਅਵਤਾਰ ਸਿੰਘ ਦਾ ਕਹਿਣਾ ਸੀ ਕਿ ਪੀੜਤ ਪਰਿਵਾਰ ਨੂੰ 20 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਬੱਚੀ ਦੇ ਪਿਤਾ ਨੂੰ ਨੌਕਰੀ ਦਿੱਤੀ ਜਾਵੇ। ਈਜੀਐਸ ਅਧਿਆਪਕਾ ਨੂੰ ਸਿੱਖਿਆ ਵਿਭਾਗ ਵਿੱਚ ਨੌਕਰੀ ਦੇਣ ਤੋਂ ਇਲਾਵਾ ਦੋਸ਼ੀ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਦਾ ਕਹਿਣਾ ਸੀ ਕਿ ਮੁਢਲੇ ਗੇੜ ਦੀ ਵਫ਼ਦ ਨਾਲ ਗੱਲ ਹੋਈ ਹੈ ਜਿਸ ਵਿੱਚ ਪਰਿਵਾਰ ਦੀ ਮਾਲੀ ਮਦਦ ਕੀਤੇ ਜਾਣ ਦੀ ਗੱਲ ਹੋਈ ਹੈ ਅਤੇ ਪਰਿਵਾਰ ਦੇ ਜੀਅ ਨੂੰ ਸਰਕਾਰੀ ਨੌਕਰੀ ਦੇਣ ਸਬੰਧੀ ਉਹ ਸਰਕਾਰ ਨਾਲ ਗੱਲ ਕਰਨਗੇ।

ਮਨੁੱਖੀ ਅਧਿਕਾਰਾਂ

# ਮਾਨਵੀ ਹੱਕਾਂ ਪ੍ਰਤੀ ਜਾਗਰੂਕਤਾ ਦੀ ਅਹਿਮੀਅਤ



ਪ੍ਰੋ. ਅਜਮੇਰ ਸਿੰਘ ਔਲਖ

ਆਜ਼ਾਦੀ ਦੀ ਇੱਛਾ ਮਨੁੱਖੀ ਜ਼ਿੰਦਗੀ ਦਾ ਬੁਨਿਆਦੀ ਗੁਣ ਹੈ। ਮਨੁੱਖ ਦੇ ਪ੍ਰਸੰਗ 'ਚ ਇਸ ਇੱਛਾ ਦਾ ਪ੍ਰਗਟਾਅ ਵਿਅਕਤੀ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ਾਂ 'ਚੋਂ ਪ੍ਰਗਟ ਹੁੰਦਾ ਹੈ। ਮਨੁੱਖ ਮਹਿਜ਼ ਰੋਟੀ ਜਾਂ ਭੌਤਿਕ ਲੋੜਾਂ ਦੀ ਪੂਰਤੀ ਲਈ ਨਹੀਂ ਸਗੋਂ ਜ਼ਿੰਦਗੀ ਦੇ ਬੌਧਿਕ, ਨੈਤਿਕ ਅਤੇ ਸੁਹਜਮਈ ਪਹਿਲੂਆਂ ਦੇ ਵਿਕਾਸ ਲਈ ਵੀ ਕੋਸ਼ਿਸ਼ਾਂ ਕਰਦਾ ਹੈ। ਉਹ ਜ਼ਿੰਦਗੀ ਦੇ ਹਰ ਪਹਿਲੂ ਨੂੰ ਨਿਖਾਰਨਾ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਉਸਦੇ ਜ਼ਿੰਦਾ ਰਹਿਣ ਦੀ ਇੱਛਾ ਮੂਲ ਜੈਵਿਕ ਇੱਛਾ 'ਚੋਂ ਪੈਦਾ ਹੋਈ ਹੈ ਅਤੇ ਇਹੀ ਮੌਲਿਕ ਮਾਨਵੀ ਮੁੱਲ ਹੈ। ਇਸੇ ਮੁੱਲ 'ਚੋਂ ਹੋਰ ਸਾਰੇ ਮੁੱਲ ਨਿਕਲੇ ਹਨ। ਮਨੁੱਖੀ ਅਧਿਕਾਰਾਂ ਦੀ ਧਾਰਨਾ ਇਤਿਹਾਸ ਦੇ ਇੱਕ ਲੰਮੇ ਦੌਰ 'ਚੋਂ ਵਿਕਸਤ ਹੋਈ ਹੈ। ਇਹ ਰਾਜ ਸੱਤਾ ਵੱਲੋਂ ਮਨੁੱਖ ਨੂੰ ਦਾਬੇ ਹੇਠ ਰੱਖਣ ਦੇ ਜਾਬਰ ਵਰਤਾਰੇ ਨੂੰ ਖ਼ਤਮ ਕਰਨ ਵਜੋਂ ਵੀ ਵਿਕਸਤ ਹੋਈ ਹੈ।


ਪਹਿਲਾਂ-ਪਹਿਲ ਇਹ ਰਾਜ ਦੇ ਇੱਕ ਵਿਸ਼ੇਸ਼ ਉੱਚ ਵਰਗ ਦੀ ਲੋੜ 'ਚੋਂ ਉਪਜੀ ਪਰ ਇੱਕ ਲੰਬਾ ਇਤਿਹਾਸਕ ਪੈਂਡਾ ਤੈਅ ਕਰਕੇ ਇਹ ਵਰਗ ਅਤੇ ਨਸਲ ਭੇਦ ਤੋਂ ਉਪਰ ਉਠ ਕੇ ਸਾਰੇ ਮਨੁੱਖਾਂ ਦੇ ਬਰਾਬਰ ਅਧਿਕਾਰਾਂ ਦੀ ਧਾਰਨਾ ਤੱਕ ਪੁੱਜੀ। ਮਿਸਾਲ ਲਈ 13ਵੀਂ ਸਦੀ 'ਚ ਪ੍ਰਸਿੱਧ ਆਜ਼ਾਦੀ ਦਾ ਪ੍ਰਵਾਨਾ (ਮੈਗਨਾ ਕਾਰਟਾ) ਸੁਲਤਾਨ ਅਤੇ ਜਗੀਰੂ ਸਰਦਾਰਾਂ ਵਿੱਚ ਹੋਇਆ ਅਜਿਹਾ ਪਹਿਲਾ ਸਮਝੌਤਾ ਸੀ। ਫਿਰ 1689 'ਚ ਬਰਤਾਨੀਆਂ ਦੇ ਯੁਗ ਪਲਟਾਊਆਂ ਵੱਲੋਂ ਰਾਜੇ ਨੂੰ ਗੱਦੀਉਂ ਲਾਹ ਕੇ ਤੇ ਮਾਰ ਕੇ ਜਿਹੜਾ 'ਬਿਲ ਆਫ ਰਾਈਟਸ (ਅਧਿਕਾਰ ਪੱਤਰ) ਪੇਸ਼ ਕੀਤਾ ਗਿਆ ਉਸ ਵਿੱਚ ਅਜੋਕੇ ਮਨੁੱਖੀ ਅਧਿਕਾਰਾਂ ਦਾ ਜ਼ਿਕਰ ਵੇਖਿਆ ਜਾ ਸਕਦਾ ਹੈ। 1776 'ਚ ਅਮਰੀਕੀ ਇਨਕਲਾਬੀਆਂ ਨੇ ਅੰਗਰੇਜ਼ ਰਾਜੇ ਦੀ ਗੁਲਾਮੀ ਨੂੰ ਲਾਹ ਕੇ ਜੋ ਐਲਾਨ ਕੀਤੇ, ਉਸ 'ਚ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਨੂੰ ਵੇਖਿਆ ਜਾ ਸਕਦਾ ਹੈ। ਇਸ 'ਚ ਜ਼ਿੰਦਗੀ, ਆਜ਼ਾਦੀ ਅਤੇ ਖ਼ੁਸ਼ੀ ਦੀ ਤਲਾਸ਼ ਦੇ ਅਧਿਕਾਰ ਵੀ ਸ਼ਾਮਲ ਕੀਤੇ ਗਏ ਪਰ ਥੋੜ੍ਹੇ ਸਮੇਂ ਪਿੱਛੋਂ ਫਰਾਂਸ 'ਚ ਹੋਏ ਇਨਕਲਾਬ ਨੇ ਮਨੁੱਖੀ ਅਧਿਕਾਰਾਂ ਦਾ ਜਿਹੜਾ ਐਲਾਨਨਾਮਾ ਤਿਆਰ ਕੀਤਾ, ਉਹ ਹੋਰ ਵੀ ਮਹੱਤਵਪੂਰਨ ਹੈ। ਇਸ ਵਿਚ ਪਹਿਲੀ ਵਾਰ ਦਰਜ ਹੋਇਆ ਕਿ 'ਮਨੁੱਖ ਆਜ਼ਾਦ ਜਨਮ ਲੈਂਦੇ ਹਨ ਅਤੇ ਆਜ਼ਾਦ ਰਹਿੰਦੇ ਹਨ, ਉਨ੍ਹਾਂ ਦੇ ਅਧਿਕਾਰ ਬਰਾਬਰ ਹਨ ਅਤੇ ਕਿਸੇ ਰਾਜਨੀਤਕ ਸੰਘ ਦਾ ਉਦੇਸ਼- ਆਜ਼ਾਦੀ, ਜਾਇਦਾਦ, ਸੁਰੱਖਿਆ ਅਤੇ ਦਮਨ ਦੇ ਵਿਰੋਧ' ਦੇ ਮਨੁੱਖੀ ਅਧਿਕਾਰਾਂ ਦੀ ਪੁਸ਼ਟੀ ਹੈ। ਇਸ ਤੋਂ ਪਿੱਛੋਂ ਇਤਿਹਾਸ ਦੀ ਕਾਇਆ ਹੀ ਪਲਟ ਗਈ। ਗੁਲਾਮ ਦੇਸ਼ ਆਜ਼ਾਦੀ ਦੀ ਪ੍ਰਾਪਤੀ ਲਈ ਲੜਨ ਲੱਗੇ। ਗੁਲਾਮੀ ਤੋਂ ਨਿਜਾਤ ਪਾਉਣ ਵਾਲੀਆਂ ਲਹਿਰਾਂ ਦੀ ਮਨੁੱਖੀ ਅਧਿਕਾਰਾਂ ਬਾਰੇ ਅਹਿਮ ਚਿੰਤਾ ਰਹੀ। ਇਹ ਉਹ ਦੌਰ ਸੀ ਜਦੋਂ ਰਾਜ ਦਾ ਭਿਆਨਕ ਰੂਪ ਵੀ ਸਾਹਮਣੇ ਆਇਆ, ਵਿਸ਼ੇਸ਼ ਕਰਕੇ ਇਟਲੀ ਅਤੇ ਜਰਮਨ ਫਾਸ਼ੀਵਾਦ ਨੇ ਆਪਣੇ ਹੀ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਅਕਹਿ ਹੱਦ ਤੱਕ ਘਾਣ ਕੀਤਾ। ਦੂਜੀ ਸੰਸਾਰ ਜੰਗ ਪਿੱਛੋਂ ਹੋਂਦ 'ਚ ਆਏ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਨੇ ਲੰਮੀਆਂ ਬੈਠਕਾਂ ਪਿੱਛੋਂ 10 ਦਸੰਬਰ, 1948 ਨੂੰ ਜਿਹੜਾ ਮਨੁੱਖੀ ਅਧਿਕਾਰਾਂ ਦਾ ਐਲਾਨਨਾਮਾ ਪੇਸ਼ ਕੀਤਾ, ਉਸ ਨੂੰ ਦੁਨੀਆ ਦੀਆਂ ਬਹੁਤੀਆਂ ਹਕੂਮਤਾਂ ਨੇ ਪ੍ਰਵਾਨ ਕਰ ਲਿਆ। 30 ਮੱਦਾਂ ਵਾਲੇ ਇਸ ਐਲਾਨਨਾਮੇ 'ਚ ਮਨੁੱਖੀ ਅਧਿਕਾਰਾਂ ਦੀ ਵਿਆਖਿਆ ਕੀਤੀ ਗਈ ਹੈ। ਇਸ 'ਚ ਰਾਜਨੀਤਕ ਅਤੇ ਸਿਵਲ ਅਧਿਕਾਰਾਂ ਤੋਂ ਇਲਾਵਾ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰ ਵੀ ਸ਼ਾਮਲ ਹਨ ਜਿਨ੍ਹਾਂ ਦੀ ਪ੍ਰੋੜਤਾ ਵੱਖਰੇ ਅਹਿਦਨਾਮੇ ਅਪਨਾ ਕੇ ਕੀਤੀ ਗਈ।

ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਇੱਕ ਲੰਮਾ ਅਤੇ ਸ਼ਾਨਦਾਰ ਇਤਿਹਾਸ ਹੈ। 1857 ਦੀ ਪਹਿਲੀ ਜੰਗੇ-ਆਜ਼ਾਦੀ ਵੇਲੇ ਬਹਾਦਰ ਸ਼ਾਹ ਜ਼ਫ਼ਰ ਦੇ ਨਾਂ ਹੇਠ ਜਾਰੀ ਐਲਾਨਨਾਮੇ ਤੋਂ ਲੈ ਕੇ ਹਰ ਖ਼ਿੱਤੇ ਅਤੇ ਹਰ ਵਰਗ ਵੱਲੋਂ ਚਲਾਈਆਂ ਗਈਆਂ ਅੰਗਰੇਜ਼ੀ ਰਾਜ ਵਿਰੁੱਧ ਲਹਿਰਾਂ ਨੇ ਇਨ੍ਹਾਂ ਅਧਿਕਾਰਾਂ ਨੂੰ ਏਜੰਡੇ 'ਤੇ ਲਿਆਂਦਾ। ਗ਼ਦਰ ਲਹਿਰ ਨੇ ਤਾਂ ਇਸ ਦੀ ਹੋਰ ਵੀ ਉਸਾਰੂ ਵਿਆਖਿਆ ਕੀਤੀ। ਇਨਕਲਾਬੀ ਲਹਿਰਾਂ ਅਤੇ ਵਿਸ਼ੇਸ਼ ਕਰਕੇ ਭਾਰਤੀ ਸਮਾਜਵਾਦੀ ਰਿਪਬਲੀਕਨ ਆਰਮੀ ਨੇ ਇਸ ਦਾ ਆਰਥਿਕ ਨਾਬਰਾਬਰੀ ਨਾਲ ਅਟੁੱਟ ਸਬੰਧ ਵੇਖਿਆ ਜਿਸਦਾ ਅਰਥ ਸੀ ਕਿ ਮਨੁੱਖੀ ਆਜ਼ਾਦੀ ਮੁਕੰਮਲ ਉਦੋਂ ਹੀ ਹੁੰਦੀ ਹੈ ਜਦੋਂ ਸਮਾਜ ਵਿੱਚ ਆਰਥਿਕ ਅਸਾਵਾਂਪਨ ਨਾ ਹੋਵੇ, ਬਰਾਬਰਤਾ ਵਾਲਾ ਅਤੇ ਲੁੱਟ ਰਹਿਤ ਸਮਾਜ ਹੋਵੇ। 26 ਜਨਵਰੀ, 1930 ਨੂੰ ਕਾਂਗਰਸ ਵੱਲੋਂ ਲਾਹੌਰ ਇਜਲਾਸ 'ਚ ਪਾਸ ਕੀਤਾ ਗਿਆ ਸੰਪੂਰਨ ਆਜ਼ਾਦੀ ਦਾ ਮਸੌਦਾ ਮਨੁੱਖੀ ਹੱਕਾਂ ਦੀ ਤਸਦੀਕ ਹੈ। ਇਹ ਇਨਕਲਾਬੀ ਲਹਿਰਾਂ ਦਾ ਹੀ ਪ੍ਰਤਾਪ ਸੀ ਜਿਨ੍ਹਾਂ ਨੇ ਮਨੁੱਖੀ ਹੱਕਾਂ ਦੀ ਵਿਆਖਿਆ ਕੀਤੀ ਸੀ।

ਸੰਨ 1947 ਤੋਂ ਪਿੱਛੋਂ ਭਾਰਤੀ ਸੰਵਿਧਾਨ 'ਚ ਦਰਜ ਮਨੁੱਖੀ ਅਧਿਕਾਰਾਂ ਦੀਆਂ ਮੱਦਾਂ ਨੂੰ ਇਤਿਹਾਸਕ ਪ੍ਰਸੰਗ 'ਚ ਦੇਖਿਆ ਜਾ ਸਕਦਾ ਹੈ। ਮਨੁੱਖੀ ਅਧਿਕਾਰਾਂ ਦੀਆਂ ਇਹ ਮੱਦਾਂ ਕਿਸੇ ਖ਼ੈਰਾਤ 'ਚੋਂ ਨਹੀਂ ਮਿਲੀਆਂ ਸਗੋਂ ਲੋਕਾਂ ਦੇ ਦੋ ਸੌ ਸਾਲ ਦੇ ਲੰਮੇ ਜਾਨ-ਹੂਲਵੇਂ ਸੰਘਰਸ਼ ਦਾ ਸਿੱਟਾ ਹਨ। ਸੰਨ 1948 ਦੇ ਮਨੁੱਖੀ ਹੱਕਾਂ ਦੇ ਮਸੌਦੇ ਨੇ ਇਸ ਸੰਕਲਪ ਨੂੰ ਆਧਾਰ ਬਣਾਇਆ ਕਿ ਹਰ ਇਨਸਾਨ ਮਨੁੱਖਤਾ ਦਾ ਹਿੱਸਾ ਹੈ, ਇਸ ਕਰਕੇ ਉਸ ਦੇ ਕੁਝ ਮੁੱਢਲੇ ਤੇ ਅਨਿੱਖੜਵੇਂ ਹੱਕ ਹਨ ਜਿਨ੍ਹਾਂ ਨੂੰ ਸੁਰੱਖਿਅਤ ਬਣਾਉਣਾ ਹਰ ਰਾਜ ਦੀ ਜ਼ਿੰਮੇਵਾਰੀ ਹੈ। ਇੱਕ ਪਾਸੇ ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਪ੍ਰਾਪਤੀ ਲਈ ਦੁਨੀਆ ਦੇ ਲੋਕਾਂ ਦਾ ਇੱਕ ਲੰਮੇ ਸੰਘਰਸ਼ ਦਾ ਇਤਿਹਾਸ ਹੈ, ਦੂਜੇ ਪਾਸੇ ਸੱਤਾ ਦੇ ਜਾਬਰ ਕਿਰਦਾਰ ਦੀ ਕਾਲੀ ਤਵਾਰੀਖ਼ ਹੈ। ਹਰ ਰਾਜ ਸੱਤਾ ਨੇ ਮਨੁੱਖੀ ਅਧਿਕਾਰਾਂ ਨੂੰ ਕੁਚਲਿਆ ਹੈ। ਅਸਲ ਵਿੱਚ ਸੱਤਾ ਵੱਡੀ ਮਾਲਕੀ ਵਾਲੀਆਂ ਜਮਾਤਾਂ ਦੇ ਹੱਥਾਂ 'ਚ ਹਥਿਆਰ ਹੈ। ਇਨ੍ਹਾਂ ਦੇ ਮਾਲਕੀ ਦੇ ਸ੍ਰੋਤ ਹੋਰ ਵਧਾਉਣ ਲਈ ਸੱਤਾ ਆਪਣੀ ਨਿਰਪੱਖਤਾ ਦਾ ਮਖੌਟਾ ਲਾਹ ਕੇ, ਬੇਕਿਰਕ ਅਤੇ ਪੱਖਪਾਤੀ ਹੋ ਕੇ ਪੇਸ਼ ਆਉਂਦੀ ਹੈ। ਰਾਜ ਦਾ ਜਗੀਰੂ ਰੂਪ ਜੇ ਮਨੁੱਖ ਦੀ ਆਜ਼ਾਦੀ ਦੇ ਘੋਰ ਦੁਸ਼ਮਣ ਵਜੋਂ ਜਾਣਿਆ ਜਾਂਦਾ ਹੈ ਤਾਂ ਪੂੰਜੀ ਦਾ ਜਾਂਗਲੀ ਰੂਪ ਜਿਸਨੇ ਨਾਜ਼ੀਵਾਦ ਜਾਂ ਫਾਸ਼ੀਵਾਦ ਵਜੋਂ ਬਦਨਾਮੀ ਖੱਟੀ, ਉਹ ਉਸ ਤੋਂ ਵੀ ਘਾਤਕ ਰੂਪ 'ਚ ਸਾਹਮਣੇ ਆਇਆ ਜਿਸ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਹੀ ਨਹੀਂ ਕੀਤਾ ਸਗੋਂ ਸੰਸਾਰ ਜੰਗਾਂ ਛੇੜ ਕੇ ਮਨੁੱਖਤਾ ਨੂੰ ਭਿਆਨਕ ਤਬਾਹੀ ਦਾ ਸ਼ਿਕਾਰ ਬਣਾਇਆ। ਵਿਸ਼ਵ ਦੇ ਬਹੁਤੇ ਦੇਸ਼ 10 ਦਸੰਬਰ, 1948 ਦੇ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਨੂੰ ਰਸਮੀ ਤੌਰ 'ਤੇ ਸਵੀਕਾਰਦੇ ਹਨ, ਪਰ ਇਸ ਦੇ ਬਾਵਜੂਦ ਹਰ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਘੋਰ ਉਲੰਘਣਾਵਾਂ ਸਾਹਮਣੇ ਆਉਂਦੀਆਂ ਹਨ। ਦਰਅਸਲ ਰਾਜ ਇਹ ਬਰਦਾਸ਼ਤ ਨਹੀਂ ਕਰ ਸਕਦਾ, ਉਸਦੀ ਫਿਤਰਤ ਵਿੱਚ ਦਬਾਉਣ ਦੀ ਜਮਾਂਦਰੂ ਪ੍ਰਵਿਰਤੀ ਹੈ ਜੋ ਮਨੁੱਖ ਦੀ ਆਜ਼ਾਦੀ ਅਤੇ ਇਸਦੀ ਦੀ ਪ੍ਰਾਪਤੀ ਲਈ ਵਿਚਾਰ ਪ੍ਰਗਟ ਕਰਨ ਦੀ ਪ੍ਰਵਿਰਤੀ ਨਾਲ ਸਿੱਧੇ ਰੂਪ 'ਚ ਟਕਰਾਉਂਦੀ ਹੈ। ਵਿਸ਼ਵ ਦੀ ਆਰਥਿਕ ਬਣਤਰ ਹੀ ਕੁਝ ਐਸੀ ਹੈ ਕਿ ਵਿਸ਼ਵ ਦੇ ਆਰਥਿਕ ਸੋਮੇ ਅਤੇ ਪੂੰਜੀ ਕੁਝ ਹੱਥਾਂ ਵਿਚ ਵੱਧ ਤੋਂ ਵੱਧ ਕੇਂਦਰਤ ਹੁੰਦੇ ਜਾ ਰਹੇ ਹਨ ਅਤੇ ਇਸ ਕੇਂਦਰੀਕਰਨ ਵਿੱਚ ਰਾਜ ਅਹਿਮ ਭੂਮਿਕਾ ਨਿਭਾ ਰਿਹਾ ਹੈ। ਰਾਜ ਅਤੇ ਇਸਦੀ ਸਮੁੱਚੀ ਮਸ਼ੀਨਰੀ ਉਸ ਜਮਾਤ ਦੇ ਹੱਕ 'ਚ ਆ ਖੜਦੀ ਹੈ ਅਤੇ ਇੰਜ ਰਾਜ ਆਮ ਲੋਕਾਈ ਦੀ ਆਵਾਜ਼ ਨੂੰ ਕੁਚਲਣ ਦਾ ਸੰਦ ਬਣ ਕੇ ਸਾਹਮਣੇ ਆਉਂਦਾ ਹੈ।

ਭਾਰਤ ਦੀ ਵੱਡੀ ਅਬਾਦੀ ਆਪਣੇ ਮੁੱਢਲੇ ਅਧਿਕਾਰਾਂ ਬਾਰੇ ਜਾਗਰੂਕ ਨਹੀਂ ਹੈ। ਇੱਥੇ ਮਨੁੱਖੀ ਹੱਕਾਂ ਦਾ ਮਸਲਾ ਹੋਰ ਵੀ ਵੱਧ ਅਹਿਮੀਅਤ ਰੱਖਦਾ ਹੈ। ਇੱਥੇ ਜਾਤ-ਪਾਤ ਦੀ ਪ੍ਰਥਾ ਬੇਹੱਦ ਮਜ਼ਬੂਤ ਹੈ। ਰਾਜ ਨੇ ਇਨ੍ਹਾਂ ਅਣਮਨੁੱਖੀ ਲਕੀਰਾਂ ਨੂੰ ਹੋਰ ਗੂੜ੍ਹੀਆਂ ਕਰਨ ਦੀ ਭੂਮਿਕਾ ਨਿਭਾਈ ਹੈ। ਲਿਹਾਜ਼ਾ, ਸਵੈਮਾਣ ਵਾਲੀ ਮਨੁੱਖੀ ਜ਼ਿੰਦਗੀ ਦੀ ਮੁੱਢਲੀ ਸ਼ਰਤ ਅਜਿਹੇ ਘ੍ਰਿਣਤ ਵਰਤਾਰੇ ਤੋਂ ਮੁਕਤੀ ਹਾਸਲ ਕਰਕੇ ਹੀ ਪੂਰੀ ਹੋ ਸਕਦੀ ਹੈ। ਜੀਵਨ ?ਦਾ ਅਧਿਕਾਰ (ਧਾਰਾ 21) ਮੁੱਢਲਾ ਮਨੁੱਖੀ ਅਧਿਕਾਰ ਹੋਣ ਦੇ ਬਾਵਜੂਦ ਰਾਜ ਪ੍ਰਬੰਧ ਇਸ ਦੀ ਗਾਰੰਟੀ ਦੇਣ ਤੋਂ ਇਨਕਾਰੀ ਹੈ। ਜੁਰਮਾਂ ਨੂੰ ਰੋਕਣ ਦੇ ਨਾਂ ਹੇਠ ਸਾਡੇ ਦੇਸ਼ ਸਮੇਤ ਕਈ ਦੇਸ਼ਾਂ 'ਚ ਮਨੁੱਖੀ ਜਾਨਾਂ ਲੈਣ ਦਾ ਦਸਤੂਰ ਜਾਰੀ ਹੈ। ਇਸ ਕਰਕੇ ਮੌਤ ਦੀ ਸਜ਼ਾ ਜਿਹੀ ਅਣਮਨੁੱਖੀ ਸਜ਼ਾ ਨੂੰ ਰੱਦ ਕਰਵਾਉਣ ਅਤੇ ਜ਼ਿੰਦਗੀ ਦੇ ਹੱਕ ਦੀ ਗਾਰੰਟੀ ਲਈ ਆਵਾਜ਼ ਉਠਾਉਣਾ ਅਹਿਮ ਮੰਗ ਹੈ। ਭਾਰਤੀ ਰਾਜ ਮਨੁੱਖ ਦੇ ਵਿਚਾਰ ਪ੍ਰਗਟ ਕਰਨ, ਲਿਖਣ ਬੋਲਣ ਤੇ ਜਥੇਬੰਦ ਹੋਣ ਦੇ ਅਧਿਕਾਰਾਂ ਨੂੰ ਕੁਚਲਣ ਲਈ ਲਗਾਤਾਰ ਕਾਲੇ ਕਾਨੂੰਨਾਂ 'ਤੇ ਟੇਕ ਰੱਖ ਰਿਹਾ ਹੈ। ਭਾਰਤ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਜਮਹੂਰੀ ਹੱਕਾਂ ਦੇ ਦਮਨ ਜ਼ਰੀਏ ਜੇਲ੍ਹਾਂ ਵਿੱਚ ਡੱਕੇ ਹੋਏ ਹਨ। ਜ਼ਿਆਦਾਤਰ ਭਾਰਤੀ ਲੋਕ ਰੁਜ਼ਗਾਰ, ਰੋਟੀ, ਕੱਪੜਾ ਤੇ ਮਕਾਨ ਦੀਆਂ ਬੁਨਿਆਦੀ ਮਨੁੱਖੀ ਲੋੜਾਂ ਤੋਂ ਵਾਂਝੇ ਹਨ। ਬੱਚਿਆਂ ਅਤੇ ਔਰਤਾਂ ਦੇ ਹੱਕਾਂ ਦੇ ਸਬੰਧ ਵਿੱਚ ਹਾਲਾਤ ਹੋਰ ਵੀ ਤਰਸਯੋਗ ਹਨ। ਅਜੇ ਵੀ ਲੱਖਾਂ ਬੱਚੇ ਗੁਲਾਮੀ ਵਰਗੀ ਮਜ਼ਦੂਰੀ ਕਰਨ ਲਈ ਮਜਬੂਰ ਹਨ ਅਤੇ ਪੜ੍ਹਾਈ ਤੋਂ ਵਾਂਝੇ ਹਨ। ਔਰਤਾਂ 'ਤੇ ਅੱਤਿਆਚਾਰ ਅਤੇ ਲਿੰਗਕ ਵਿਤਕਰਾ ਹਰ ਪੱਧਰ 'ਤੇ ਜਾਰੀ ਹੈ। ਕਾਨੂੰਨਾਂ ਦੇ ਬਾਵਜੂਦ ਇਹ ਅੱਤਿਆਚਾਰ ਘੱਟ ਨਹੀਂ ਹੋਏ ਸਗੋਂ ਰਾਜ ਮਸ਼ੀਨਰੀ ਦੇ ਖ਼ੁਦ ਇਸ ਵਤੀਰੇ 'ਚ ਗ੍ਰਸਤ ਹੋਣ ਕਾਰਨ ਹੋਰ ਵਧੇ ਹਨ। ਕੌਮਾਂਤਰੀ ਐਲਾਨਨਾਮਿਆਂ ਦੀ ਇਸ ਦੇਸ਼ ਦੀ ਰਾਜ ਮਸ਼ੀਨਰੀ ਲਈ ਅਹਿਮੀਅਤ ਮਹਿਜ਼ ਰਸਮੀ ਹੈ। ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਬਰਾਬਰੀ ਦੇ ਦਾਅਵਿਆਂ ਦੇ ਬਾਵਜੂਦ ਅਜੇ ਵੀ ਜੰਗਲਾਂ 'ਚ ਰਹਿ ਰਹੇ ਮੂਲ ਬਾਸ਼ਿੰਦੇ ਕੁਦਰਤੀ ਵਸੀਲਿਆਂ ਦੀ ਮਾਲਕੀ ਤੋਂ ਵਾਂਝੇ ਹਨ ਅਤੇ ਰਾਜ ਦੇ ਰਹਿਮੋ-ਕਰਮ 'ਤੇ ਨਿਰਭਰ ਹਨ। ਵਿਦਿਆ ਅਤੇ ਸਿਹਤ ਦੇ ਮੁੱਢਲੇ ਬੁਨਿਆਦੀ ਅਧਿਕਾਰਾਂ ਬਾਰੇ ਕੌਮਾਂਤਰੀ ਐਲਾਨਨਾਮਿਆਂ ਤੋਂ ਬੇਪਰਵਾਹ ਹੋ ਕੇ ਮੌਜੂਦਾ ਵਿਵਸਥਾ ਇਨ੍ਹਾਂ ਦੀ ਗਾਰੰਟੀ ਦੇਣ ਦੀ ਥਾਂ ਇਨ੍ਹਾਂ ਨੂੰ ਖੋਹ ਰਹੀ ਹੈ ਅਤੇ ਪੂੰਜੀ ਦੀ ਮੰਡੀ ਦੇ ਹਵਾਲੇ ਕਰ ਰਹੀ ਹੈ। ਇਵੇਂ ਕਿਸੇ ਮਨੁੱਖ ਦੇ ਵਿਕਾਸ ਲਈ ਲਾਜ਼ਮੀ ਰੁਜ਼ਗਾਰ ਦਾ ਹੱਕ ਬਨਿਆਦੀ ਅਧਿਕਾਰਾਂ 'ਚ ਗਿਣੇ ਜਾਣ ਦੇ ਬਾਵਜੂਦ ਭਾਰਤੀ ਰਾਜ ਇਸ ਜ਼ਿੰਮੇਦਾਰੀ ਤੋਂ ਅੱਖਾਂ ਹੀ ਨਹੀਂ ਮੀਟੀ ਬੈਠਾ ਸਗੋਂ ਰੁਜ਼ਗਾਰ ਖੋਹਣ ਵਾਲੀਆਂ ਨੀਤੀਆਂ ਲਾਗੂ ਕਰ ਰਿਹਾ ਹੈ।

ਮਨੁੱਖ ਦੇ ਆਜ਼ਾਦ ਵਿਚਰਨ ਅਤੇ ਕਿਤੇ ਵੀ ਕੰਮ ਕਰਨ, ਕੋਈ ਧਰਮ ਅਪਣਾਉਣ ਜਾਂ ਨਾ ਅਪਣਾਉਣ ਦਾ ਹੱਕ ਮਨੁੱਖੀ ਹੱਕਾਂ ਦਾ ਹਿੱਸਾ ਹੈ। ਜਦੋਂ ਖੇਤਰੀ ਜਾਂ ਕੱਟੜ ਨਾਹਰੇ ਲਾ ਕੇ ਇੱਕ ਖੇਤਰ/ਖ਼ਿੱਤੇ ਜਾਂ ਆਪਣੀ ਪਛਾਣ ਕਰਕੇ ਰੁਜ਼ਗਾਰ ਤੋਂ ਵਾਂਝਾ ਕੀਤਾ ਜਾਂਦਾ ਹੈ ਜਾਂ ਖ਼ਾਸ ਫ਼ਿਰਕੇ ਵਿਰੁੱਧ ਯੋਜਨਾਬੱਧ ਫ਼ਿਰਕੂ ਦੰਗੇ ਕਰਵਾਏ ਜਾਂਦੇ ਹਨ ਤਾਂ ਇਹ ਮਨੁੱਖੀ ਹੱਕਾਂ ਦੀ ?ਉਲੰਘਣਾ ਹੈ ਅਤੇ ਨਿੰਦਣਯੋਗ ਹੈ। ਰਾਜ ਵੱਲੋਂ ਆਪਣੇ ਲੋਕਾਂ ਦੀ ਆਵਾਜ਼ ਅਤੇ ਵਿਚਾਰਾਂ ਨੂੰ ਦਹਿਸ਼ਤ ਨਾਲ ਕੁਚਲਣਾ ਕੌਮਾਂਤਰੀ ਐਲਾਨਨਾਮੇ ਅਤੇ ਸੰਵਿਧਾਨ ਦੀ ਉਲੰਘਣਾ ਹੈ। ਇਹ ਸਮਾਜ ਦੀ ਨਰੋਈ ਵਿਵਸਥਾ ਨੂੰ ਤੋੜਦਾ ਹੈ। ਮਨੁੱਖ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਅਤੇ ਨਰੋਏ ਸਮਾਜ ਲਈ ਸ਼ੁੱਧ ਵਾਤਾਵਰਨ, ਅਮਨ ਅਤੇ ਸੁਰੱਖਿਆ ਦੀ ਗਾਰੰਟੀ ਵੀ ਜ਼ਰੂਰੀ ਹੈ। ਸਮੁੱਚੇ ਨਰੋਏ ਸਮਾਜਿਕ ਵਿਕਾਸ ਅਤੇ ਹਰ ਨਾਗਰਿਕ ਦੀ ਬਰਾਬਰ ਹਿੱਸੇਦਾਰੀ ਲਈ ਜ਼ਰੂਰੀ ਹੈ ਕਿ ਹਰ ਭਾਸ਼ਾ, ਉਪ ਭਾਸ਼ਾ ਦੇ ਵਿਕਾਸ ਦੀ ਗਾਰੰਟੀ ਰਾਜ ਦੇਵੇ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਬਰਾਬਰ ਵਿਕਸਤ ਹੋਣ ਦਾ ਮੌਕਾ ਦੇਵੇ। ਰਾਜ ਵੱਲੋਂ ਅਪਨਾਏ ਗਏ ਵਿਕਾਸ ਮਾਡਲ ਮਨੁੱਖ ਦੇ ਜਿਉਣ ਦੇ ਅਧਿਕਾਰਾਂ ਦੀ ਘੋਰ ਉਲੰਘਣਾ ਕਰਨ ਦੇ ਨਾਲ ਰੁਜ਼ਗਾਰ ਦਾ ਹੱਕ ਵੀ ਖੋਂਹਦੇ ਹਨ। ਆਰਥਿਕ ਵਿਕਾਸ ਦਾ ਇਹ ਮਾਡਲ ਜੋ ਅਸਾਵਾਂਪਨ ਪੈਦਾ ਕਰ ਰਿਹਾ ਹੈ ਅਤੇ ਇਸ ਨਾਲ ਸਮਾਜਿਕ ਅਸੰਤੁਲਨ ਪੈਦਾ ਹੋ ਰਿਹਾ ਹੈ। ਸਿੱਟੇ ਵਜੋਂ ਭੇਦਭਾਵ ਘਟਣ ਦੀ ਥਾਂ ਹਰ ਪੱਧਰ 'ਤੇ ਹੋਰ ਤਿੱਖੇ ਹੋ ਰਹੇ ਹਨ ਜੋ ਨਾਗਰਿਕਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਖਾਰਿਜ ਕਰਦੇ ਹਨ। ਇੱਕ ਨਰੋਏ ਅਤੇ ਬਰਾਬਰਤਾ ਵਾਲੇ ਸਮਾਜ ਲਈ ਉਹ ਆਰਥਿਕ ਮਾਡਲ ਹੀ ਬਿਹਤਰ ਹੋ ਸਕਦਾ ਹੈ ਜਿਹੜਾ ਪੂੰਜੀ ਦੀ ਮੁਕਾਬਲੇਬਾਜ਼ੀ ਦੀ ਹੋੜ, ਜਗੀਰੂ ਅਤੇ ਘ੍ਰਿਣਤ ਸਮਾਜਿਕ ਦਾਬੇ ਤੋਂ ਮੁਕਤ ਹੋਵੇ ਅਤੇ ਸਭ ਲਈ ਬਰਾਬਰ ਵਿਕਾਸ ਅਤੇ ਉਨ੍ਹਾਂ ਦੇ ਹੱਕਾਂ ਦੀ ਗਾਰੰਟੀ ਬਣੇ। ਕੌਮਾਂਤਰੀ ਐਲਾਨਨਾਮਿਆਂ 'ਚ ਦਰਜ ਇਨ੍ਹਾਂ ਬੁਨਿਆਦੀ ਅਧਿਕਾਰਾਂ ਪ੍ਰਤੀ ਲੋਕਾਈ ਨੂੰ ਜਾਗਰੂਕ ਕਰਨਾ ਵੱਡੀ ਜ਼ਿੰਮੇਵਾਰੀ ਹੈ। ਇਨ੍ਹਾਂ ਅਧਿਕਾਰਾਂ ਦੀਆਂ ਉਲੰਘਣਾਵਾਂ ਭਾਵੇਂ ਰਾਜ ਵੱਲੋਂ ਕੀਤੀਆਂ ਜਾ ਰਹੀਆਂ ਹੋਣ ਜਾਂ ਕਿਸੇ ਸੌੜੀ ਸੋਚ ਵਾਲੀ ਧਿਰ ਵੱਲੋਂ, ਇਸ ਬਾਰੇ ਜਾਗਰੂਕਤਾ ਮੁਹਿੰਮ ਚਲਾਉਣਾ ਸਭ ਦੀ ਜ਼ਿੰਮੇਵਾਰੀ ਹੈ। ਜਿਸ ਢੰਗ ਨਾਲ ਹਾਲਾਤ ਦਿਨੋ ਦਿਨ ਵਿਗੜ ਰਹੇ ਹਨ, ਸਾਨੂੰ ਪੂਰੀ ਸ਼ਿੱਦਤ ਨਾਲ ਜਮਹੂਰੀ ਹੱਕਾਂ ਪ੍ਰਤੀ ਚੇਤਨ ਦਖ਼ਲਅੰਦਾਜ਼ੀ ਕਰਨੀ ਬਣਦੀ ਹੈ। ਜਮਹੂਰੀ ਅਤੇ ਮਨੁੱਖੀ ਹੱਕਾਂ ਪ੍ਰਤੀ ਜਾਗਰੂਕ ਨਾਗਰਿਕ ਹੀ ਉਸਾਰੂ ਅਤੇ ਹਾਂਦਰੂ ਸਮਾਜ ਦੀ ਸਿਰਜਣਾ 'ਚ ਆਪਣੀ ਠੋਸ ਭੂਮਿਕਾ ਨਿਸ਼ਚਿਤ ਕਰ ਸਕਦੇ ਹਨ। ਸਾਨੂੰ ਇਸ ਭੂਮਿਕਾ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ।



**Education & Man**

# In Education-A New Way To Be Stupid

**Robert C. Koehler**

"The standards are designed to be robust and relevant to the real world, reflecting the knowledge and skills that our young people need for success in college and careers. With American students fully prepared for the future, our communities will be best positioned to compete successfully in the global economy."

This is how we talk about learning, growth and the human future?

Things are getting worse in the American classroom, not better. The experts and the special interests purporting to fix the educational system are continuing, instead, to asphyxiate it.

The grandiose quote, above, in which "our young people" show up as abstractions needing to be prepped for some simplistic, highly competitive imaginary future (fully understood by the experts), is part of the mission statement of the Common Core State Standards Initiative, the Obama administration's showcase education reform initiative.

Just like the disastrous No Child Left Behind Act of the Bush era, in whose wake it follows, it's all about testing and uniform standards and the "rigorous" evaluation of schools and teachers; and it's clueless about the nature of childhood development, not to mention reality. Its primary mission, as with NCLB, is to pull education out of the hands and hearts of teachers and turn its administration over to politicians and their corporate sponsors. It both defunds and belittles the learning process.


And the primary metaphor for school remains "the pipeline" — either the cradle-to-prison pipeline, which is what education amounts to for so many young people in poverty-stricken neighborhoods, or the cradle-to-career pipeline, as Education Secretary Arne Duncan would have it.

It's not that the pipeline is broken. Rather, as educator Adam Bessie put it in a brilliant piece of graphic commentary published at Truthout, "the metaphor is broken" — the metaphor of the public schools as an industrial sluiceway, washing our children anywhere at all.

An educational system that fails to revere children and honor their potential — that turns schools into 3R boot camps, demanding the regurgitation of specified data on command, but shrugs off the importance of holistic thinking or simply learning to think for oneself — is insane at its core. Welcome to the 21st century!

While the educational process has always been hierarchical and right-answer-oriented, things have only gotten worse over the last several decades. Now, with the Common Core State Standards Initiative, which defines and scripts the lessons to be taught, the micromanagement of teaching — and learning — has reached a new extreme.

"Teachers are not allowed to use their own methods to introduce the material, manage the classroom, or share their own wisdom," Nicholas Tampio wrote last month at Huffington Post, describing



this process. "Students are not encouraged to connect the material to their own lives, events in the world, or things that may interest them. The script tells the teachers and students, at all times, what to say and do."

Such scripts, Tampio wrote, "suck the oxygen out of a classroom."

And longtime teacher Marion Brady wrote last week in the Washington Post: "Pushback against a system now abusing the young and wasting their potential is decades overdue. Teachers need autonomy, freedom to experiment, and opportunities for meaningful dialogue with each other and the communities they serve that they don't now have."

Uniform, scripted educational standards — especially combined with the ongoing defunding of our schools — are not going to implant "the knowledge and skills that our young people need for success in college and careers," let alone allow them to manifest their extraordinary potential in ways we can't begin to imagine. They're more likely to shut down the future altogether.

Stan Karp, writing for the Rethinking Schools website in January, noted that No Child Left Behind "was a failure in raising academic performance and narrowing gaps in opportunity and outcomes. But by very publicly measuring the test results against arbitrary benchmarks that no real schools have ever met, NCLB succeeded in creating a narrative of failure that shaped a decade of attempts to 'fix' schools while blaming those who work in them. The disaggregated scores put the spotlight on gaps among student groups, but the law used these gaps to label schools as failures without providing the resources or supports needed to eliminate them." And, he added, speaking of the Obama initiative, "The problem is that this game, like the last one, is rigged." Karp's concept of "a narrative of failure" reminded me of my own years as a parent ushering a child through the educational system, twenty-some years ago. By then, testing mania had already taken serious hold of the process, throwing it absurdly out of whack. When my daughter was in the third grade, she started taking standardized tests, which meant that her teacher, otherwise a wonderfully creative woman, was forced to teach to the test, which purported to measure writing skills, among other things.

Writing, which should summon forth a universe of wonder from kids, was reduced to five-paragraph slabs of dead prose, which could be "measured": opening paragraph, conclusion, etc. My daughter started to hate writing. And one day the teacher lamented to me that she was having trouble getting the students to . . . indent their paragraphs, which was necessary in order to succeed on the standardized test.

I listened dumbfounded, unable to imagine anything less relevant or more extraneous to the writing process. The only thing happening here was the creation of a new form of failure — a new way to be stupid. At the time, I didn't know what to say. Maybe I should have rushed into the room and opened a window. Those trapped inside clearly needed oxygen.

*Robert Koehler is an award-winning, Chicago-based journalist and nationally syndicated writer.*


SIKH LEHAR CENTER

Mission: To organize and provide religious, social and educational programs for the awareness and enhancement of society as a whole based on the universal message of Guru Granth Sahib

79 Bramsteele Rd.
Brampton, ON L6W 3K6
www.sikhlehar.com

Tel: (905) 451-3335
Fax: (905) 451-2335
info@sikhlehar.com

Certified General Accountant
Tax & Accounting
Attends all Audits and Prepares Appeals

Sukhdev Singh, CGA

Tel: 905.793.0909
Fax: 905.450.2165 #10-2084 Steels Ave. E.,
sukhdevss@excite.com Brampton, ON L6T 5A6

# March against Racism, Racist Violence and Vigilantism







A protest march against racism, racist violence and vigilantism was organised by New Socialist Initiative (NSI). The context of the protest march was the recent brutal murder of Nido Taniam - a young student of Arunachal Pradesh by a mob in Lajpat Nagar; vigilante mob assault led by the Law Minister of Delhi against African women in Khirki village; and broad daylight assault on two Manipuri women in Kotla-Mubarakpur. Hundreds of people joined the protest march. The march started from Delhi University metro station at 5.30 pm and culminated into a public meeting infront of International Women's Hostel and Northeast Women's Hostel in Indra Vihar (Mukherjee Nagar). Large number of students and activists spoke at the meeting and resolved to carry forward the fight against not just racism but also against all kinds of oppression and discrimination.

The protesters reiterated that not only is there a pressing need to talk about explicit racism but also to recognise the subtler ways in which our underlying prejudices reveal themselves. The fact remains that racism is not an issue of individuals and circumstances but is structural and is institutionalized into the very fabric of our society.

As of now racism is not even recognized as a problem. The attitude towards people from Northeast and Africa is so normalised and commonplace that the idea of racism as a manifestation of unacceptable bias, prejudice and discrimination is alien. The demand that the Government and the larger society awakens to this issue and takes into consideration the rampant racism which is rooted in spaces all around us is a basic but an essential one. The fact that we have to even demand this basic minimum only goes to show the abysmal degree of neglect.




AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



ਹਰਜੀਤ ਧਨੋਆ

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਕਾਹਨ ਸਿੰਘ ਪੰਨੂ ਦਾ ਸਨਮਾਨ ਸਮਾਰੋਹ





"ਮਿਲੇ ਮੌਕਿਆਂ ਨੂੰ ਸਾਂਭਦੇ ਹੋਏ, ਵਿਦਿਆਰਥੀਆਂ ਤੇ ਹਰ ਯੋਗ ਵਿਅਕਤੀ ਨੂੰ ਸਮਰੱਥ ਬਣਨਾ ਚਾਹੀਦਾ ਹੈ, ਕਿਉਂਕਿ ਮਨੁੱਖ ਸਭ ਤੋਂ ਪਹਿਲਾਂ ਇਕ ਸਮਾਜਿਕ ਪ੍ਰਾਣੀ ਹੈ।" ਇਹ ਵਿਚਾਰ ਖੇਤੀਬਾੜੀ ਵਿਭਾਗ ਦੇ ਸਕੱਤਰ ਸ: ਕਾਹਨ ਸਿੰਘ ਪੰਨੂ ਆਈ. ਏ. ਐਸ. ਨੇ ਕੰਗ ਯਾਦਗਾਰੀ ਸੰਸਥਾ ਬਸੀ ਗੁਜਰਾਂ ਵਿਖੇ ਸਨਮਾਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਇਹ ਗੱਲ ਜ਼ੋਰ ਦੇ ਕਹੀ ਕਿ ਨਿੱਘਰ ਰਹੀ ਜ਼ਿੰਦਗੀ ਦੀ ਹਰ ਪਰਤ 'ਚ ਸੁਘੜ ਦਖਲ ਅੰਦਾਜ਼ੀ ਦੀ ਅਹਿਮ ਲੋੜ ਹੈ। ਇਸ ਤੋਂ ਪਹਿਲਾਂ ਲਗਭਗ ਕਿਲੋਮੀਟਰ ਦੇ ਰਸਤੇ 'ਚ ਹਾਰ ਪਹਿਨਾ ਕੇ ਤੇ ਜਿਪਸੀ 'ਤੇ ਸ: ਪੰਨੂ ਨੂੰ ਸਮਾਗਮ ਸਥਾਨ 'ਤੇ ਲਿਜਾਇਆ ਗਿਆ। ਪੰਡਾਲ ਵਿਚ ਪਹੁੰਚਣ 'ਤੇ ਡਾ: ਕੁਲਦੀਪ ਸਿੰਘ, ਸਵਰਨ ਸਿੰਘ ਭੰਗੂ ਤੇ ਪ੍ਰਿੰਸੀਪਲ ਗੁਰਦੀਸ਼ ਸਿੰਘ ਨੇ ਸੰਬੋਧਨ 'ਚ ਸ: ਪੰਨੂ ਦੇ ਵਿਅਕਤੀਤਵ ਨੂੰ ਉਭਾਰਿਆ। ਇਸ ਮੌਕੇ ਚਮਕੌਰ ਸਾਹਿਬ, ਖੁਮਾਣੋਂ ਤੇ ਸਮਰਾਲਾ ਇਲਾਕੇ ਨਾਲ ਸਬੰਧਤ ਪਿੰਡਾਂ ਬਸੀ ਗੁਜਰਾਂ, ਧੋਲਰਾਂ, ਫਤਿਹਪੁਰ, ਮਹਿਤੋਤ, ਹਾਫਿਜ਼ਾਬਾਦ, ਕੀੜੀ ਅਫਗਾਨਾ, ਕਤਲੌਰ, ਕੰਧੋਲਾ, ਸੰਧੂਆਂ, ਰੱਤੋਂ, ਮਨੈਲੀ, ਹਵਾਰਾ ਤੇ ਸਮਸਪੁਰ ਸਿੰਘਾਂ ਦੀਆਂ ਪੰਚਾਇਤਾਂ, ਪੌਲੀ ਹਾਊਸ ਗਰੋਅਰ ਐਸੋਸੀਏਸ਼ਨ ਪੰਜਾਬ ਤੇ ਨੌਜਵਾਨ ਕਲੱਬਾਂ ਦੇ ਨੁਮਾਇੰਦਿਆਂ 'ਤੇ ਅਧਾਰਿਤ ਬਣਾਏ ਪੰਜ ਗਰੁੱਪਾਂ ਨੇ ਢੋਲਾਂ ਦੇ ਖੜਖਾਹਟ 'ਚ ਸ: ਪੰਨੂ ਨੂੰ ਪੰਜ ਪੱਗਾਂ, ਲੋਈ, ਸਿਰੋਪਾਓ ਤੇ ਸਨਮਾਨ ਪੱਤਰ ਭੇਟ ਕੀਤੇ। ਇਸ ਮੌਕੇ ਕਲਾ ਨਿਰਦੇਸ਼ਕ ਜਸਵੀਰ ਗਿੱਲ ਦੀ ਅਗਵਾਈ 'ਚ ਕਲਾ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਸਮਾਗਮ 'ਚ ਬਘੇਲ ਸਿੰਘ ਰੂਪਨਗਰ, ਪ੍ਰੋ: ਜਤਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਗਿੱਲ, ਪ੍ਰੇਮ ਸਿੰਘ ਰੌਣੀ, ਮਾਤਾ ਗੁਰਦੇਵ ਕੌਰ, ਦਵਿੰਦਰ ਸਿੰਘ ਮੁਸਕਾਬਾਦ, ਤਰਲੋਚਨ ਸਿੰਘ ਕੰਗ, ਪ੍ਰਗਟ ਸਿੰਘ ਰੋਲੂਮਾਜਰਾ, ਟਹਿਲ ਸਿੰਘ ਲੁਠੇੜੀ, ਰੁਪਿੰਦਰ ਸਿੰਘ ਕਕਰਾਲਾ, ਚੌਧਰੀ ਤੀਰਥ ਰਾਮ, ਕੁਮਾਰ ਪਵਨਦੀਪ, ਜਥੇਦਾਰ ਕਸ਼ਮੀਰ ਸਿੰਘ ਰਾਣਵਾ, ਇੰਜ: ਕੁਲਵਿੰਦਰ ਸਿੰਘ, ਪ੍ਰੇਮ ਸਿੰਘ ਮਨੈਲੀ, ਰਵਿੰਦਰ ਸਿੰਘ ਪਥਰੇੜੀ ਜੱਟਾਂ, ਨਰਿੰਦਰ ਸਿੰਘ ਜੰਡ ਸਾਹਿਬ, ਰਬਿੰਦਰ ਸਿੰਘ ਰੱਬੀ, ਕਰਨਵੀਰ ਸੈਣੀ ਆਦਿ ਹਾਜ਼ਰ ਸਨ।


SHARDA WELLNESS CENTER
HOMOEPATH SHARDA
President, Homeopathic Medical Council of Canada
Panel of Doctors, Indian Consulate
(416) 727 9199
Email: ranvirsharda@gmail.com
7071 Airport Road, Suite 200
(NORTH EAST CORNER OF AIRPORT & DERRY ROAD
(GREEN PLAZA), MALTON, MISSISSAUGA ON L4T 4J3



UPPAL TRAVEL
A Name You Can Trust.

Complete Worldwide Travel, Visa, Passport & Citizen Photo Services
Tel: 905-676-8200
Email: uppaltravel@hotmail.com
2857 Derry Rd. E. Mississauga, ON L4T 1A6
Fax: 905-672-784
Avtar Uppal
PRESIDENT



UNDER NEW MANAGEMENT
LUCKNOW PALACE
CAPACITY OF 150-750 PEOPLE
Indian, Pakistani, Gujarati, Sri Lankan & Continental Food

Ph: 905-672-5825 Cell: 416-816-3515

BOOK YOUR EVENT NOW
WEDDINGS, RECEPTIONS, ANNIVERSARIES, BIRTHDAY PARTIES
FUND RAISERS, RELIGIOUS CELEBRATIONS & CORPORATE FUNCTIONS
LUCKNOW PALACE
2360 LUCKNOW DRIVE MISSISSAUGA ON. L5S 1H3



CHERA IMMIGRATION CONSULTANCY SERVICES
22 Years of Service
Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com


WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6



Brampton Crematorium & Visitation Centre Inc
Crematorium Operated by Park Lawn Corp.
www.BcVc.info
Brampton Crematorium & Visitation Centre
30 Bramwin Court, Brampton, ON, L6T 5A9
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
ਫਿਊਨਰਲ ਹੋਮ

24/7 Service Available
Inderjit S. Bal
416-666-7655
Tel: 905-458-2222

**Ideal Acupuncture**
CLINIC
Vijay K. Sharma
MD (ACU) OAATCM, WNMF
200 County Court Blvd
Unit A1
Brampton, ON L6W 4K7
Tel: 905.454.1277



avenue
OPTICAL



www.avenueoptical.ca

Vijay K. Sharma
Licensed Optician &
Contact Lens Fitter
200 County Court Blvd
Unit A1
Brampton, ON L6W 4K7
905.454.1277
info@avenueoptical.ca

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ
ਨੂੰ ਆਧੁਨਿਕ ਤਕਨੀਕ ਜਿਸ ਵਿਚ
Graphics Designing, Website Designing,
Website Re-Designing, Newspaper Designing,
Newspaper Daily Updation
**BALJINDER ARTS**
Baljinder Singh
Mob. 092167-29598
akashdeep.1046@gmail.com

Century 21
Buy Green, Build Green
...Save Environment
Century 21 Green Realty Inc., Brokerage
Each Office is independently owned and operated
**Sohan Mann**
Sales Representative
Dir. 416 - 564 - 1699
Off. 905 - 565 - 9565
Fax: 905 - 565 - 9522
Email: sohanmann@hotmail.com
151 Super Blvd. Unit 19-21, Mississauga, ON, L5T 2L1



RushLube Inc.
Complete Truck Repairs & Truck
Wash with Drive Thru Truck Services
Jaskaranjit Singh (Jas)



TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

**GILL**
Truck & Trailer Repair
and Mobile Service
OPEN 7 DAYS
A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer
Mechanic



**Metro Immigration**
(Division of Metro Legal & Immigration Inc.)
WE GET THINGS
DONE



Suresh Gupta
Certified Immigration
Practitioner(RCIC)

*Family Sponsorship *Spousal *Super Visa
*Visitor Visa *Skilled Workers *Investors *PNP
*Nannies *Business Applicants *Student Visa
*Work Permits(LMO) *Appeals
Head Office: 2355 Derry Rd. E *#12Miss. *ON *L5S 1V6
*905-673-1200 *1-800-694-1373 India Office: 98148 66633
*Brampotn: 905 794 6003 * Toronto: 416 840 7554
*info@metroimmigration.com
*www.metroimmigration.com *www.metroimmigration.org

ਖ਼ੁਸ਼ਖਬਰੀ !... ਖ਼ੁਸ਼ਖਬਰੀ !!.. ਖ਼ੁਸ਼ਖਬਰੀ !!!

FOR BEST RATES IN AUTO & HOME INSURANCE

CALL NOW: PUNJAB INSURANCE



SEEMA ARSHI

Punjab Insurance Inc

www.punjabinsurance.ca



HARPREET KAUR

ਕਾਰਾਂ, ਟਰੱਕਾਂ ਅਤੇ ਘਰਾਂ ਦੀ ਇੰਸ਼ੋਰੈਂਸ ਦੇ ਵਧੀਆ ਰੇਟ ਲੈਣ ਲਈ ਸਾਨੂੰ ਹੁਣੇ ਕਾਲ ਕਰੋ

We Deal With More Than 15 Insurance Companies

CAR, HOME & COMMERCIAL INSURANCE PROVIDED BY :

BETHEL INSURANCE BROKERS INC.



SHERJANG SINGH RANA



RAVINDER SINGH BASRA



SANDEEP AHUJA

SPECIAL SUPER VISA INSURANCE RATES

| PLAN LIMIT | AGE | RATE |
|---|---|---|
| $100,000 ($0 deductible) | 41-54 | $1416.20 |
| | 55-59 | $1525.70 |
| | 60-64 | $1770.25 |
| | 65-69 | $2299.50 |
| | 70-74 | $2916.35 |
| | 75-79 | $3332.45 |
| | 80-84 | $3832.50 |

416-884-9696, 1-888-970-7070

Head Office: 7003 Steeles Ave W., Unit 10, Toronto, M9W 0A2.
Branch Office: Hwy50 & Hwy 7: 7771 Hwy7, Vaughan, ON, L4L 1A7


# ਪ੍ਰੈਸ ਦੀ ਆਜ਼ਾਦੀ ਪੱਖੋਂ ਭਾਰਤ 140ਵੇਂ ਨੰਬਰ ’ਤੇ

2014 ਦੇ ਆਲਮੀ ਪਰੈਸ ਦੀ ਆਜ਼ਾਦੀ ਦੇ ਸੂਚਕ ਅੰਕ ਵਿੱਚ ਭਾਰਤ 180 ਦੇਸ਼ਾਂ ’ਚੋਂ 140ਵੇਂ ਸਥਾਨ ’ਤੇ ਆਉਂਦਾ ਹੈ ਜਦਕਿ ਪਾਕਿਸਤਾਨ 158ਵੇਂ ਅਤੇ ਚੀਨ 175ਵੇਂ ਸਥਾਨ ’ਤੇ ਹੈ।

‘ਰਿਪੋਰਟਜ਼ ਵਿਦਾਊਟ ਬਾਰਡਰ’ ਵੱਲੋਂ ਜਾਰੀ ਕੀਤੀ ਗਈ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਗਿਆ, “ਭਾਰਤ ਵਿੱਚ 2013 ਦੌਰਾਨ ਅੱਠ ਪੱਤਰਕਾਰ ਕਤਲ ਕਰ ਦਿੱਤੇ ਗਏ ਅਤੇ ਪੱਤਰਕਾਰਾਂ ਖਿਲਾਫ ਹਿੰਸਾ ਦੀ ਜ਼ਬਰਦਸਤ ਲਹਿਰ ਦੇਖਣ ਨੂੰ ਮਿਲੀ। ਉਨ੍ਹਾਂ ਨੂੰ ਰਾਜਕੀ ਅਤੇ ਗੈਰ-ਰਾਜਕੀ ਅਨਸਰਾਂ ਦੋਵਾਂ ਵੱਲੋਂ ਨਿਸ਼ਾਨਾ ਬਣਾਇਆ ਜਾਂਦਾ ਹੈ।” ਸ਼ਾਇਦ ਹੀ ਕੋਈ ਖਿੱਤਾ ਇਸ ਤੋਂ ਅਛੂਤਾ ਹੋਵੇਗਾ ਪਰ ਕਸ਼ਮੀਰ ਅਤੇ ਛੱਤੀਸਗੜ੍ਹ ਵਿੱਚ ਪੱਤਰਕਾਰਾਂ ਖਿਲਾਫ ਹਿੰਸਾ ਅਤੇ ਸੈਂਸਰਸ਼ਿਪ ਮਿਆਦੀ ਰੋਗ ਬਣੇ ਹੋਏ ਹਨ।” ਰਿਪੋਰਟ ਵਿੱਚ ਕਿਹਾ ਗਿਆ, “ਪੱਤਰਕਾਰਾਂ ਖਿਲਾਫ ਧਮਕੀਆਂ ਅਤੇ ਸਰੀਰਕ ਹਿੰਸਾ ਲਈ ਕਸੂਰਵਾਰ ਧਿਰਾਂ ਵਿੱਚ ਪੁਲੀਸ ਸੁਰੱਖਿਆ ਦਸਤਿਆਂ ਤੋਂ ਇਲਾਵਾ ਅਪਰਾਧੀ ਗਰੁੱਪ, ਪ੍ਰਦਰਸ਼ਨਕਾਰੀ ਅਤੇ ਸਿਆਸੀ ਪਾਰਟੀਆਂ ਦੇ ਹਮਾਇਤੀ ਸ਼ਾਮਲ ਹੁੰਦੇ ਹਨ ਅਤੇ ਅਕਸਰ ਨਿਆਂਇਕ ਪ੍ਰਣਾਲੀ ਵੱਲੋਂ ਪੱਤਰਕਾਰਾਂ ਨੂੰ ਆਪਣੇ ਹਾਲ ’ਤੇ ਛੱਡ ਦਿੱਤਾ ਜਾਂਦਾ ਹੈ।”

ਪ੍ਰੈਸ ਦੀ ਆਜਾਦੀ ਪੱਖੋਂ ਫਿਨਲੈਂਡ ਅੱਵਲ ਨੰਬਰ ਦੇਸ਼ ਬਣ ਕੇ ਉਭਰਿਆ ਜਿਸ ਤੋਂ ਬਾਅਦ ਨੈਦਰਲੈਂਡ ਅਤੇ ਨਾਰਵੇ ਦਾ ਨੰਬਰ ਆਉਂਦਾ ਹੈ। ਅਮਰੀਕਾ ਦਰਜਾਬੰਦੀ ਵਿੱਚ ਪਿਛਲੇ ਸਾਲ 32ਵੇਂ ਨੰਬਰ ਤੋਂ ਇਸ ਸਾਲ ਖਿਸਕ ਕੇ 46ਵੇਂ ਸਥਾਨ ’ਤੇ ਚਲੇ ਗਿਆ ਹੈ। ਚੀਨ 175ਵੇਂ ਅਤੇ ਪਾਕਿਸਤਾਨ 158ਵੇਂ ਸਥਾਨ ’ਤੇ ਹੈ। ਪਾਕਿਸਤਾਨ ਪੱਤਰਕਾਰਾਂ ਲਈ ਦੁਨੀਆਂ ਭਰ ’ਚੋਂ ਸਭ ਤੋਂ ਖਤਰਨਾਕ ਥਾਵਾਂ ’ਚ ਸ਼ੁਮਾਰ ਕੀਤਾ ਜਾਂਦਾ ਹੈ ਜਿਥੇ ਪੱਤਰਕਾਰਾਂ ਲਈ ਹਥਿਆਰਬੰਦ ਗਰੁੱਪ, ਦੇਸ਼ ਦੀਆਂ ਖੁਫੀਆ ਏਜੰਸੀਆਂ ਖਾਸ ਕਰਕੇ ਆਈਐਸਆਈ ਪੱਤਰਕਾਰਾਂ ਲਈ ਖਤਰਾ ਹਨ। “ਪਾਕਿਸਤਾਨ ਵਿੱਚ ਨਿਆਂ ਦੇਣ ਵਿੱਚ ਦਿਲਚਸਪੀ ਦੀ ਕਮੀ ਹੈ ਅਤੇ ਸਰਕਾਰ ਨਾ ਕੇਵਲ ਤਾਲਿਬਾਨ, ਜਹਾਦੀਆਂ ਅਤੇ ਹੋਰ ਹਥਿਆਰਬੰਦ ਗਰੁੱਪਾਂ ਸਾਹਮਣੇ ਸਗੋਂ ਫੌਜੀ ਤੰਤਰ ਸਾਹਮਣੇ ਵੀ ਨਿਤਾਣੀ ਬਣੀ ਹੋਈ ਹੈ। ਕੌਮਾਂਤਰੀ ਸਮੀਖਿਅਕਾਂ ਵੱਲੋਂ ਇਸ ਫੌਜੀ ਤੰਤਰ ਨੂੰ ‘ਰਾਜ ਅੰਦਰ ਹੀ ਰਾਜ’ ਦੀ ਸੰਗਿਆ ਦਿੱਤੀ ਜਾਂਦੀ ਹੈ।”

2014 ਦੇ ਇਸ ਸੂਚਕ ਅੰਕ ਵਿੱਚ ਸੂਚਨਾ ਦੀ ਆਜ਼ਾਦੀ ਅਤੇ ਟਕਰਾਵਾਂ ਦਰਮਿਆਨ ਦਵੰਧ ਨੂੰ ਰੇਖਾਂਕਤ ਕਰਦੀ ਹੈ। ਪੈਰਿਸ ਆਧਾਰਤ ਅਧਿਕਾਰਾਂ ਦੀ ਹਾਮੀ ਸੰਸਥਾ ਦਾ ਕਹਿਣਾ ਹੈ ਕਿ ਜਿਹੜੇ ਦੇਸ਼ ਲੋਕ ਰਾਜ ਹੋਣ ਅਤੇ ਕਾਨੂੰਨ ਦੇ ਰਾਜ ਦਾ ਸਤਿਕਾਰ ਕਰਨ ਦੀਆਂ ਫੜਾਂ ਮਾਰਦੇ ਹਨ ਉਨ੍ਹਾਂ ਵੀ ਕੋਈ ਬਹੁਤੀ ਹਟ ਕੇ ਮਿਸਾਲ ਪੈਦਾ ਨਹੀਂ ਕੀਤੀ। ਅਮਰੀਕਾ ਦਾ 13 ਨੁਕਤੇ ਟੁੱਟ ਕੇ ਡਿੱਗਣਾ ਇਸੇ ਦੀ ਹੀ ਇਕ ਮਿਸਾਲ ਹੈ।


Velocity Colission



Complete truck - auto body repair & electrical centre
Tel: 905.673.7878
7120 Tranmere Drive
Fax: 905.673.7876
Mississauga, ON L5S 1L9
Cell: 416.817.5760

Commitment to Excellent Services

Punjab Insurance Inc

Your Financial Expert

Super Visa Insurance
Disability Insurance | Life Insurance |
Critical Illness Insurance | Mortgage Insurance |
Segregated Funds | RRSP & TFSA | RESP |



Harbans Singh
416-817-7142
Email: dharbans@hotmail.com
www.numberoneinsurance.ca

ਸਿਆਸੀ ਬਸਾਤ ਦਾ ਅਰਬੀ ਘੋੜਾ

# ਅਜੋਕੀ ਰਾਜਨੀਤੀ 'ਚ ਆਮ ਆਦਮੀ ਦ੍ਰਿਸ਼ਟੀਕੋਣ ਦੀ ਪਹਿਲਕਦਮੀ



ਵਰਿੰਦਰ ਵਾਲੀਆ

ਸਿਆਸੀ ਸ਼ਤਰੰਜ ਵਿੱਚ ਉਸੇ ਨੇਤਾ ਨੂੰ ਕਾਮਯਾਬ ਸਮਝਿਆ ਜਾਂਦਾ ਹੈ ਜੋ ਘੋੜੇ ਵਾਂਗ ਛੜੱਪੇ ਮਾਰ ਕੇ ਢਾਈ ਚਾਲਾਂ ਚੱਲਣ ਦਾ ਵਲ਼ ਖ਼ੂਬ ਜਾਣਦਾ ਹੋਵੇ। ਸ਼ਤਰੰਜ ਵਿੱਚ ਘੋੜਾ ਹੀ ਅਜਿਹਾ ਮੋਹਰਾ ਹੈ ਜੋ ਫੀਲਿਆਂ, ਪਿਆਦਿਆਂ ਨੂੰ ਦਰੜਨ ਤੋਂ ਇਲਾਵਾ ਵਜ਼ੀਰ, ਰਾਣੀ ਅਤੇ ਰਾਜੇ ਦੇ ਉਪਰੋਂ ਟੱਪ ਸਕਦਾ ਹੈ। ਖਿਡਾਰੀ ਅਨਾੜੀ ਹੋਵੇ ਤਾਂ ਘੋੜੇ ਦੀ ਚਾਲ 'ਗਧੇ' ਅਤੇ 'ਖੱਚਰ' ਵਾਂਗ ਸੀਮਤ ਘਰਾਂ ਤਕ ਮਹਿਦੂਦ ਰਹਿੰਦੀ ਹੈ। ਪ੍ਰਬੀਨ ਖਿਡਾਰੀ ਘੋੜੇ ਨੂੰ ਸਿੱਧਾ ਕੇਂਦਰ ਵੱਲ ਚਲਾਉਂਦਾ ਹੈ। ਕੇਂਦਰ ਵੱਲ ਚੱਲਣ ਵਾਲੇ ਮੋਹਰੇ ਨੂੰ ਅਰਬੀ ਘੋੜਾ ਕਿਹਾ ਜਾਂਦਾ ਹੈ। ਅਰਬੀ ਘੋੜੇ ਦੀ ਸੋਲਾਂ ਘਰਾਂ 'ਤੇ ਅੱਖ ਹੋਣ ਕਾਰਨ ਉਸ ਨੂੰ ਸਭ ਤੋਂ ਵੱਧ ਖ਼ਤਰਨਾਕ ਸਮਝਿਆ ਜਾਂਦਾ ਹੈ। ਕਾਮਯਾਬ ਸਿਆਸਤਦਾਨਾਂ ਨੂੰ ਢਾਏ ਦਾ ਪਹਾੜਾ ਰਟਿਆ ਹੁੰਦਾ ਹੈ ਤੇ ਉਹ ਸ਼ਤਰੰਜ ਦੇ ਅਰਬੀ ਘੋੜੇ ਵਾਂਗ ਛੜੱਪੇ ਮਾਰਦਾ ਹੋਇਆ ਰਾਜੇ ਦੁਆਲੇ ਬਣੇ ਮਜ਼ਬੂਤ ਤੋਂ ਮਜ਼ਬੂਤ ਕਿਲ੍ਹੇ ਵਿੱਚ ਵੀ ਸੰਨ੍ਹ ਲਾ ਦਿੰਦਾ ਹੈ।

ਆਮ ਆਦਮੀ ਪਾਰਟੀ ਦੇ ਬਾਨੀ ਅਰਵਿੰਦ ਕੇਜਰੀਵਾਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਫਿਰ 'ਆਮ ਆਦਮੀ' ਬਣ ਗਏ ਹਨ। ਅਜੋਕੇ ਸਮਾਜ ਵਿੱਚ ਆਮ ਆਦਮੀ ਦੀ ਕੋਈ ਔਕਾਤ ਨਹੀਂ ਹੁੰਦੀ। ਇਹ ਗੱਲ ਕੇਜਰੀਵਾਲ ਵਾਰ-ਵਾਰ ਕਹਿ ਚੁੱਕੇ ਹਨ। ਆਮ ਆਦਮੀ ਚੌਪੜ ਵਿੱਚ ਪਿਆਦੇ ਵਰਗੀ ਹੈਸੀਅਤ ਰੱਖਦਾ ਹੈ। ਨੰਨ੍ਹਾ ਜਿਹਾ ਪਿਆਦਾ ਪੈਦਲ ਫ਼ੌਜੀ ਵਾਂਗ ਰਾਜੇ ਖ਼ਾਤਰ ਕੁਰਬਾਨ ਹੋਣ ਤੋਂ ਇਲਾਵਾ ਕੁਝ ਨਹੀਂ ਜਾਣਦਾ। ਪਿਆਦੇ ਤਾਂ ਜੰਮਦੇ ਹੀ ਕੁਰਬਾਨ ਹੋਣ ਖ਼ਾਤਰ ਹਨ। ਉਨ੍ਹਾਂ ਲਈ ਰਾਜ ਭਾਗ ਦੇ ਸੁਪਨੇ ਲੈਣੇ ਪਾਪ ਸਮਝਿਆ ਜਾਂਦਾ ਹੈ। ਵੈਸੇ ਹਾਥੀ/ਫੀਲੇ ਅਤੇ ਘੋੜਿਆਂ ਦੀ ਤਕਦੀਰ ਵੀ ਕੁਝ ਇਸੇ ਤਰ੍ਹਾਂ ਦੀ ਹੁੰਦੀ ਹੈ।

ਸਮਾਜ ਸੇਵੀ ਅੰਨਾ ਹਜ਼ਾਰੇ ਨਾਲ ਜੁੜ ਕੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਵਾਲੇ ਅਰਵਿੰਦ ਕੇਜਰੀਵਾਲ ਸਿਧਾਂਤਕ ਵਖਰੇਵਿਆਂ ਕਾਰਨ ਆਪਣੇ ਸਿਆਸੀ ਗੁਰੂ (ਅੰਨਾ) ਨੂੰ 2012 ਵਿੱਚ ਅਲਵਿਦਾ ਕਹਿ ਗਏ ਸਨ। ਅੰਦੋਲਨਕਾਰੀ ਤੋਂ ਸਿਆਸਤਦਾਨ ਦਾ ਸਫ਼ਰ ਉਨ੍ਹਾਂ ਬੇਹੱਦ ਤੇਜ਼ੀ ਨਾਲ ਪੂਰਾ ਕਰਦਿਆਂ ਨਵੰਬਰ 2012 ਵਿੱਚ ਆਮ ਆਦਮੀ ਪਾਰਟੀ ਦਾ ਗਠਨ ਕੀਤਾ ਸੀ। ਪਿਛਲੇ ਸਾਲ ਉਨ੍ਹਾਂ ਦਿੱਲੀ ਵਿਧਾਨ ਸਭਾ ਚੋਣਾਂ ਲੜੀਆਂ ਤੇ 'ਆਪ' ਦੂਜੀ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਸੀ। ਕੇਜਰੀਵਾਲ ਨੇ ਭਾਵੇਂ ਭਾਜਪਾ ਅਤੇ ਕਾਂਗਰਸ, ਦੋਵਾਂ ਸਿਆਸੀ ਪਾਰਟੀਆਂ ਨੂੰ ਭ੍ਰਿਸ਼ਟ ਕਹਿ ਕੇ ਚੋਣ ਜਿੱਤੀ ਪਰ ਨਤੀਜਿਆਂ ਤੋਂ ਬਾਅਦ ਬਦਲੇ ਸਿਆਸੀ ਸਮੀਕਰਨਾਂ ਨੇ ਦੇਸ਼ ਵਾਸੀਆਂ ਨੂੰ ਹੈਰਾਨ ਕਰ ਦਿੱਤਾ ਸੀ। ਤਿੰਨ ਵਾਰ ਕਾਂਗਰਸ ਦੀ ਮੁੱਖ ਮੰਤਰੀ ਰਹਿ ਚੁੱਕੀ ਸ਼ੀਲਾ ਦੀਕਸ਼ਿਤ ਨੂੰ ਵੱਡੇ ਫ਼ਰਕ ਨਾਲ ਹਰਾਉਣ ਵਾਲੇ ਕੇਜਰੀਵਾਲ ਨੂੰ ਕਾਂਗਰਸ ਨੇ ਬਾਹਰੋਂ ਇਮਦਾਦ ਕਰਨ ਦਾ ਐਲਾਨ ਕਰ ਦਿੱਤਾ ਸੀ। ਕਾਂਗਰਸ ਦੀ 'ਮਿਹਰਬਾਨੀ' ਸਦਕਾ ਕੇਜਰੀਵਾਲ, ਸ਼ੀਲਾ ਦੀਕਸ਼ਿਤ ਦੀ ਕੁਰਸੀ 'ਤੇ ਬਿਰਾਜਮਾਨ ਹੋ ਗਏ। ਸ਼ੀਲਾ ਦੀਕਸ਼ਿਤ ਦੇ ਕੱਚੇ ਚਿੱਠੇ ਖੁੱਲ੍ਹਣੇ ਸ਼ੁਰੂ ਹੋ ਗਏ। ਕਾਂਗਰਸੀਆਂ ਦੀ ਹਾਲਤ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ' ਵਾਲੀ ਬਣ ਗਈ। ਕਾਂਗਰਸੀਆਂ ਨੇ ਅਰਵਿੰਦ ਕੇਜਰੀਵਾਲ ਨੂੰ ਕੋਸਣਾ ਸ਼ੁਰੂ ਕੀਤਾ ਤਾਂ ਭਾਜਪਾ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਨੂੰ ਸ਼ਰਮਿੰਦਾ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਸਰਕਾਰ ਨੂੰ ਠੁੰਮ੍ਹਣਾ ਦੇਣ ਵਾਲੇ ਸ਼ਾਇਦ ਹੀ ਕਦੇ ਇੰਜ ਜ਼ਲੀਲ ਹੋਏ ਹੋਣ। ਕਾਂਗਰਸ ਨੇ ਕਿਹਾ ਕਿ ਕੇਜਰੀਵਾਲ ਉਸ ਲੱਕੜਹਾਰੇ ਵਰਗਾ ਹੈ ਜੋ ਉਸੇ ਟਾਹਣ ਨੂੰ ਕੱਟ ਰਿਹਾ ਹੈ ਜਿਸ 'ਤੇ ਉਹ ਬੈਠਾ ਹੋਇਆ ਹੈ। ਕੇਜਰੀਵਾਲ ਦਾ ਇਸ ਵਿੱਚ ਕੋਈ ਕਸੂਰ ਨਹੀਂ ਸੀ। ਉਹ ਤਾਂ ਅਰਬੀ ਘੋੜੇ ਵਾਂਗ ਕੇਂਦਰ 'ਤੇ ਅੱਖ ਟਿਕਾਈ ਢਾਈ ਚਾਲਾਂ ਬਾਖ਼ੂਬੀ ਚੱਲ ਰਿਹਾ ਸੀ। ਅਸਤੀਫ਼ਾ ਉਸ ਨੇ ਅਚਾਨਕ ਨਹੀਂ ਦਿੱਤਾ। ਵਿਛਾਈ ਗਈ ਬਸਾਤ ਵਿੱਚ ਕਾਂਗਰਸ ਬੁਰੀ ਤਰ੍ਹਾਂ ਫਸ ਚੁੱਕੀ ਸੀ। ਚੱਕਰਵਿਊ ਵਿੱਚ ਫਸੀ ਹੋਈ ਪਾਰਟੀ ਨੂੰ ਕੁਝ ਨਹੀਂ ਸੀ ਸੁੱਝ ਰਿਹਾ। 'ਆਪ' ਸਰਕਾਰ ਨੂੰ ਮਿਲੇ ਸਹਿਯੋਗ ਤੋਂ ਫ਼ੌਰਨ ਬਾਅਦ ਕੇਜਰੀਵਾਲ ਨੇ ਜਨਤਕ ਤੌਰ 'ਤੇ ਕਿਹਾ ਸੀ ਕਿ ਫਰਾਖ਼ਦਿਲੀ ਵਿਖਾਉਣ ਵਾਲੀ ਕਾਂਗਰਸ ਆਪਣੇ ਕੀਤੇ 'ਤੇ ਇੱਕ ਦਿਨ ਜ਼ਰੂਰ ਪਛਤਾਵੇਗੀ। ਜਦੋਂ ਕੇਜਰੀਵਾਲ ਨੇ ਕਾਮਨਵੈਲਥ ਗੇਮਜ਼ ਵਿੱਚ ਸ਼ੀਲਾ ਦੀਕਸ਼ਿਤ ਸਰਕਾਰ ਵੱਲੋਂ ਕੀਤੀ ਗਈ ਘਪਲੇਬਾਜ਼ੀ ਨੂੰ ਮੱਦੇਨਜ਼ਰ ਰੱਖਦਿਆਂ ਉਸ ਖ਼ਿਲਾਫ਼ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਤਾਂ ਕਾਂਗਰਸ ਨੂੰ ਵੱਡਾ ਸਦਮਾ ਲੱਗਾ। ਹੱਥ ਲੱਗਣ ਤੋਂ ਬਾਅਦ ਕਾਂਗਰਸ ਨੂੰ ਅਹਿਸਾਸ ਹੋਇਆ ਕਿ ਕੇਜਰੀਵਾਲ ਠੀਕ ਕਹਿ ਰਿਹਾ ਸੀ ਕਿ 'ਆਪ' ਨੂੰ ਸਹਿਯੋਗ ਦੇਣ ਤੋਂ ਬਾਅਦ ਕਾਂਗਰਸ ਇੱਕ ਦਿਨ ਜ਼ਰੂਰ ਪਛਤਾਵੇਗੀ। ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ - ਅਬ ਪਛਤਾਏ ਕਿਹਾ ਹੂਆ ਜਬ ਚਿੜੀਆ ਚੁਗ ਗਈ ਖੇਤ!

ਸਿਆਸਤ ਵਿੱਚ ਵੈਸੇ ਵੀ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ। ਸਭ ਗਰਜ਼ਾਂ ਦੇ ਸੌਦੇ ਹੁੰਦੇ ਹਨ। ਭੀੜ ਪੈ ਜਾਵੇ ਤਾਂ ਆਪਣਿਆਂ ਨੂੰ ਵੀ ਪੈਰਾਂ ਹੇਠ ਲਿਤਾੜਿਆ ਜਾ ਸਕਦਾ ਹੈ। ਰਾਤੋ-ਰਾਤ ਆਪਣੇ ਬੇਗਾਨੇ ਹੋ ਜਾਂਦੇ ਹਨ ਅਤੇ ਅਜਨਬੀ ਆਪਣਿਆਂ ਵਾਂਗ ਜਾਪਣ ਲੱਗਦੇ ਹਨ। ਮੌਕਾਪ੍ਰਸਤ ਸਿਆਸਤਦਾਨ ਗਿਰਗਟ ਤੋਂ ਵੀ ਪਹਿਲਾਂ ਰੰਗ ਬਦਲਣ ਦੇ ਮਾਹਿਰ ਸਮਝਦੇ ਜਾਂਦੇ ਹਨ। ਜਨ ਲੋਕਪਾਲ ਦੇ ਮੁੱਦੇ 'ਤੇ ਸਭ ਤੋਂ ਵੱਧ ਕਿਰਕਿਰੀ ਕਾਂਗਰਸ ਦੀ ਹੋਈ। ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਨੇ ਆਪਣੀ ਵਿਰੋਧੀ ਪਾਰਟੀ ਭਾਜਪਾ ਦੀ ਸੁਰ ਵਿੱਚ ਸੁਰ ਮਿਲਾ ਕੇ ਜਨ ਲੋਕਪਾਲ ਦਾ ਵਿਰੋਧ ਕਰਦਿਆਂ 'ਸਫ਼ਾਈ' ਦਿੱਤੀ ਕਿ ਉਸ ਨੇ 'ਆਪ' ਸਰਕਾਰ ਕੋਲੋਂ ਸਮਰਥਨ ਵਾਪਸ ਨਹੀਂ ਲਿਆ। ਵੈਸੇ ਵੀ ਕੇਜਰੀਵਾਲ ਅਸਤੀਫ਼ਾ ਦੇਣ ਲਈ ਅਜਿਹੇ ਸੁਨਹਿਰੀ ਮੌਕੇ ਦੀ ਤਲਾਸ਼ ਵਿੱਚ ਸੀ। ਇਸੇ ਮੁੱਦੇ 'ਤੇ ਉਸ ਨੇ ਅੰਨਾ ਹਜ਼ਾਰੇ ਨਾਲ ਦਿੱਲੀ ਦੇ ਜੰਤਰ-ਮੰਤਰ ਤੋਂ ਅੰਦੋਲਨ ਸ਼ੁਰੂ ਕੀਤਾ ਸੀ। ਦੇਸ਼ ਦੇ ਕੋਨੇ-ਕੋਨੇ ਤੋਂ ਭਰਵਾਂ ਹੁੰਗਾਰਾ ਮਿਲਣ ਤੋਂ ਬਾਅਦ ਦਿੱਲੀ ਤਖ਼ਤ ਦੇ ਪਾਵੇ ਹਿੱਲਣ ਲੱਗ ਪਏ ਸਨ। ਅਗਾਮੀ ਲੋਕ ਸਭਾ ਚੋਣਾਂ ਲਈ ਭਾਵੇਂ ਕਾਂਗਰਸ ਅਤੇ ਭਾਜਪਾ ਗਹਿਗੱਚ ਲੜਾਈ ਦੇ ਰੌਂਅ ਵਿੱਚ ਹਨ ਪਰ ਜਨ ਲੋਕਪਾਲ ਮੁੱਦੇ 'ਤੇ ਉਨ੍ਹਾਂ ਇੱਕ-ਦੂਜੇ ਨਾਲ ਜਿਵੇਂ ਮੂਕ ਸਾਂਝ ਪਾ ਲਈ ਹੋਵੇ। 'ਆਪ' ਦੇ ਨੇਤਾ ਕਹਿ ਰਹੇ ਹਨ ਕਿ ਇਸ ਦਾ ਕਾਰਨ ਮੁਕੇਸ਼ ਅੰਬਾਨੀ ਹੈ ਜਿਸ ਤੋਂ ਦੋਵੇਂ ਪਾਰਟੀਆਂ ਮੋਟਾ ਚੰਦਾ ਲੈਂਦੀਆਂ ਹਨ। ਕੇਜਰੀਵਾਲ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਪਿਛਲੇ ਕਈ ਸਾਲਾਂ ਤੋਂ ਅੰਬਾਨੀ ਹੀ ਕੇਂਦਰ ਸਰਕਾਰ ਚਲਾ ਰਿਹਾ ਹੈ। ਉਸ ਨੇ ਕਿਹਾ ਜਦੋਂ 'ਆਪ' ਦੀ ਸਰਕਾਰ ਨੇ ਅੰਬਾਨੀ ਵੱਲੋਂ ਕੀਤਾ ਗਿਆ ਘਪਲਾ ਜੱਗ ਜ਼ਾਹਿਰ ਕੀਤਾ ਤਾਂ ਭਾਜਪਾ ਅਤੇ ਕਾਂਗਰਸ, ਦੋਵੇਂ ਤਿਲਮਿਲਾ ਉੱਠੀਆਂ। ਇਹ 'ਗੁਪਤ' ਪਿਆਰ ਪ੍ਰੇਮੀਆਂ ਦੇ ਦਿਹਾੜੇ ਵਜੋਂ ਮਨਾਏ ਜਾਂਦੇ 'ਵੈਲੇਨਟਾਈਨ ਡੇਅ' 'ਤੇ ਜੱਗ ਜ਼ਾਹਿਰ ਹੋਇਆ ਹੈ। 'ਆਪ' ਦਾ ਕਹਿਣਾ ਹੈ ਕਿ ਇਸ ਪ੍ਰੇਮ ਦੇ ਬੇਨਕਾਬ ਹੋਣ ਤੋਂ ਬਾਅਦ ਆਮ ਆਦਮੀ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਕੇਜਰੀਵਾਲ ਲਈ ਇਹ ਸ਼ੁਭ ਘੜੀ ਸੀ ਕਿ ਉਹ ਦਿੱਲੀ ਦੀ ਵਲਗਣ ਵਿੱਚੋਂ ਨਿਕਲ ਕੇ ਲੋਕ ਸਭਾ ਚੋਣਾਂ ਲਈ ਤਿਆਰੀ ਕਰਦਾ। ਉਸ ਲਈ ਇਹ ਮੌਕਾ - ਭਲਾ ਹੋਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁਟੀ' ਵਾਲਾ ਸੀ। ਜਨ ਲੋਕਪਾਲ ਬਿੱਲ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਕੇਜਰੀਵਾਲ ਨੂੰ ਕੋਸ ਰਹੀਆਂ ਸਨ ਕਿ ਉਸ ਨੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ 'ਤੇ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਕਥਿਤ ਦਬੇ-ਕੁਚਲੇ ਵਰਗ ਦਾ ਦਿਲ ਦੁਖਾਇਆ ਹੈ। ਦੂਜੇ ਪਾਸੇ ਕੇਜਰੀਵਾਲ ਦਾ ਕਹਿਣਾ ਹੈ ਕਿ ਉਸ ਨੇ ਇਸ ਪਵਿੱਤਰ ਦਿਹਾੜੇ 'ਤੇ ਆਪਣੀ ਕੁਰਸੀ ਕੁਰਬਾਨ ਕਰ ਕੇ ਮਨੁੱਖੀ ਬਰਾਬਰੀ ਲਿਆਉਣ ਲਈ ਅੰਦੋਲਨ ਦਾ ਮੁੜ ਬਿਗਲ ਵਜਾਇਆ ਹੈ। ਬਨਾਰਸ (ਕਾਂਸ਼ੀ) ਨੇੜੇ ਲਹਿਰਤਾ ਤਲਾਬ ਦੇ ਆਸ-ਪਾਸ ਜਨਮੇ ਭਗਤ ਰਵਿਦਾਸ (1376-1491 ਈਸਵੀ) ਮਧ-ਯੁੱਗ ਦੇ ਧਰਮ ਸਾਧਕਾਂ ਵਿੱਚੋਂ ਪ੍ਰਮੁੱਖ ਸਨ ਜਿਨ੍ਹਾਂ ਉੱਤਰੀ ਭਾਰਤ ਦੀ ਭਗਤੀ ਲਹਿਰ ਨੂੰ ਹੁਲਾਰਾ ਦੇ ਕੇ ਮਨੁੱਖੀ ਬਰਾਬਰੀ ਅਤੇ ਸਾਂਝੀਵਾਲਤਾ ਦੀ ਨੀਂਹ ਰੱਖੀ ਸੀ। ਗੁਰੂ ਰਵਿਦਾਸ ਜੀ ਨੇ 'ਬੇਗਪਮੁਰਾ ਸਹਿਰ ਕੋ ਨਾਉ' ਦਾ ਸੰਕਲਪ ਸਿਰਜਿਆ ਸੀ। ਇਹ ਸੁਪਨਾ ਅਜਿਹੇ ਸਮਾਜ ਦਾ ਸੀ ਜਿੱਥੇ ਗ਼ਮ ਜਾਂ ਖ਼ੌਫ਼ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 16 ਰਾਗਾਂ ਅਤੇ 40 ਪਦਿਆਂ ਵਿੱਚ ਰਚੀ ਗਈ ਪ੍ਰਮਾਣਿਕ ਬਾਣੀ ਤੋਂ ਇਲਾਵਾ ਆਪ ਜੀ ਦੀ ਹੋਰ ਵੀ ਰਚਨਾ ਸ਼ਾਮਲ ਹੈ। ਮਸਲਨ;

**ਐਸਾ ਚਾਹੂੰ ਰਾਜ ਮੈਂ ਜਹਾਂ**
**ਮਿਲੈ ਸਭਨ ਕੋ ਅੰਨ।**
**ਛੋਟ ਬੜੇ ਸਭ ਸਮ ਬਸੇ,**
**ਰਵਿਦਾਸ ਰਹੇ ਪ੍ਰਸੰਨ॥**

ਅਫ਼ਸੋਸ ਦੀ ਗੱਲ ਹੈ ਕਿ ਭਗਤ ਰਵਿਦਾਸ ਜੀ ਦੇ ਪਵਿੱਤਰ ਦਿਹਾੜੇ 'ਤੇ ਮਹਾਨ ਰੂਹਾਨੀ ਜੋਤ ਨੂੰ ਪ੍ਰਣਾਮ ਕਰਨ ਦੀ ਬਜਾਏ ਦਿੱਲੀ ਵਿਧਾਨ ਸਭਾ ਵਿੱਚ ਸਿਆਸਤ ਭਾਰੂ ਰਹੀ। ਵਿਧਾਇਕ ਇੱਕ-ਦੂਜੇ ਨੂੰ ਤਾਹਨੇ-ਮਿਹਣੇ ਦਿੰਦੇ ਰਹੇ। ਕੇਜਰੀਵਾਲ ਪਹਿਲਾਂ ਹੀ ਗਿਣਤੀ-ਮਿਣਤੀ ਕਰ ਕੇ ਆਇਆ ਸੀ। ਅਸਤੀਫ਼ੇ ਦੀ ਪਟਕਥਾ ਪਹਿਲਾਂ ਹੀ ਲਿਖੀ ਹੋਈ ਸੀ। ਸ਼ਤਰੰਜ ਦੇ ਅਰਬੀ ਘੋੜੇ ਵਾਂਗ ਉਸ ਦੀ ਸੋਲਾਂ ਘਰਾਂ 'ਤੇ ਅੱਖ ਸੀ ਜਿਨ੍ਹਾਂ 'ਚੋਂ ਰਾਹ ਬਣਾ ਕੇ ਉਹ ਲੋਕ ਸਭਾ ਪਹੁੰਚਣਾ ਚਾਹੁੰਦਾ ਹੈ। ਭਾਜਪਾ ਦੇ ਇੱਕ ਵਿਧਾਇਕ ਵੱਲੋਂ 'ਆਪ' ਦੇ ਵਿਧਾਨ ਸਭਾ ਮੈਂਬਰ ਨੂੰ ਚੂੜੀਆਂ ਭੇਟ ਕਰਨ ਦੀ ਕਾਰਵਾਈ ਨੂੰ ਕੇਜਰੀਵਾਲ ਨੇ ਔਰਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਔਰਤਾਂ ਦਾ ਚੂੜੀਆਂ ਪਹਿਨਣਾ ਨਿਰਬਲਤਾ ਦੀ ਨਿਸ਼ਾਨੀ ਨਹੀਂ। ਭਾਰਤੀ ਔਰਤਾਂ ਨੇ ਲੋੜ ਪੈਣ 'ਤੇ ਜੰਗ ਦੇ ਮੈਦਾਨ ਵਿੱਚ ਮਰਦ ਜ਼ਾਤ ਨਾਲ ਲੋਹਾ ਲੈ ਕੇ ਅਨੂਠਾ ਇਤਿਹਾਸ ਸਿਰਜਿਆ ਹੈ। ਵੈਸੇ ਇਤਿਹਾਸ ਸਿਰਜਣ ਵਿੱਚ ਕੇਜਰੀਵਾਲ ਵੀ ਘੱਟ ਨਹੀਂ ਹੈ। ਉਸ ਦੀ ਸਰਕਾਰ ਅਰਧ-ਸੈਂਕੜਾ ਵੀ ਪੂਰਾ ਨਹੀਂ ਕਰ ਸਕੀ। ਉਸ ਨੇ ਦਿੱਲੀ ਦੇ ਵੋਟਰਾਂ ਨੂੰ ਅਲਾਦੀਨ ਦਾ ਚਿਰਾਗ਼ ਦਿਖਾ ਕੇ ਵੋਟਾਂ ਹਾਸਲ ਕੀਤੀਆਂ ਸਨ। ਜੋ ਉਸ ਦੇ ਹੱਥ-ਵਸ ਸੀ, ਉਸ ਨੇ ਤੁਰੰਤ ਅਮਲ ਵਿੱਚ ਲਿਆ ਕੇ ਵਾਹ- ਵਾਹ ਖੱਟ ਲਈ। ਵੀ.ਆਈ.ਪੀ. ਕਲਚਰ ਨੂੰ ਖ਼ਤਮ ਕਰਨ ਲਈ ਉਨ੍ਹਾਂ ਲਾਲ ਬੱਤੀ ਵਾਲੀ ਸਰਕਾਰੀ ਗੱਡੀ ਦੀ ਬਜਾਏ ਆਪਣੀ ਨੀਲੀ ਵੈਗਨਰ ਨੂੰ ਤਰਜੀਹ ਦਿੱਤੀ। 'ਆਪ' ਦੇ ਮੰਤਰੀਆਂ ਨੇ ਵੀ ਆਮ ਆਦਮੀ ਵਾਂਗ ਵਿਚਰਨ ਦੀ ਕੋਸ਼ਿਸ਼ ਕੀਤੀ ਸੀ। ਫਿਰ ਵੀ ਉਨ੍ਹਾਂ ਵੱਲੋਂ ਕੀਤੇ ਗਏ ਵਾਅਦੇ ਵਫ਼ਾ ਨਹੀਂ ਹੋ ਸਕੇ। ਅਲਾਦੀਨ ਦਾ ਚਿਰਾਗ਼ ਵੀ ਸ਼ਾਇਦ ਉਹ ਕੁਝ ਨਾ ਕਰ ਸਕਦਾ ਜਿਨ੍ਹਾਂ ਦਾ ਵਾਅਦਾ ਕੇਜਰੀਵਾਲ ਨੇ ਕੀਤਾ ਸੀ।




CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1



HARJIT SINGH
Mortgage cunsultant
Lic#M08007991

ਸਿਆਸੀ ਸਰੋਕਾਰ

# ਭਵਿੱਖ ਦੀ ਭਾਰਤੀ ਰਾਜਨੀਤੀ ਦੇ ਏਜੰਡੇ ਤੈਅ ਕਰਨ ਦਾ ਮਸਲਾ



ਭਾਰਤੀ ਰਾਜਨੀਤੀ ਵਿਚ ਇਕ ਨਵਾਂ ਮੋੜ ਨਵੇਂ ਏਜੰਡਿਆਂ ਨਾਲ ਆ ਰਿਹਾ ਹੈ। ਹਾਲਾਂਕਿ ਭਾਰਤ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ 1990 ਤੋਂ ਬਾਅਦ ਆਪਣਾ ਕਾਰਪੋਰੇਟ ਦਾ ਏਜੰਡਾ ਤੈਅ ਕਰਕੇ ਚਲ ਰਹੀਆਂ ਹਨ। ਇਸ ਏਜੰਡੇ ਕਾਰਨ ਭਾਰਤ ਦੇ ਆਮ ਲੋਕ ਸਮੇਤ ਮੱਧ ਵਰਗ ਜਮਾਤ ਅਤੇ ਇਕ ਇਮਾਨਦਾਰ ਹਿੱਸਾ ਸਮੁੱਚੀ ਰਾਜਨੀਤੀ ਅਤੇ ਆਰਥਿਕਤਾ ਦੇ ਚਲਣ ਢੰਗਾਂ ਤੋਂ ਉਕਤਾ ਗਿਆ ਹੈ। ਇਸ ਨੂੰ ਇਕਜੁਟ ਹੋ ਕੇ ਇਕ ਸਿਆਸੀ ਆਵਾਜ਼ ਵਿਚ ਪਲਟਣ ਦੀ ਪ੍ਰਕਿਰਿਆ ਭਲਾਂ ਅਰਵਿੰਦ ਕੇਜਰੀਵਾਲ ਨੇ ਸ਼ੁਰੂ ਕੀਤੀ ਹੈ ਪਰ ਜਿਸ ਕਿਸਮ ਨਾਲ ਇਸ ਦੇ ਏਜੰਡੇ ਵਿਚ ਖੱਬਾ ਪੱਖ ਤਾਕਤਵਰ ਬਣਦਾ ਜਾ ਰਿਹਾ ਹੈ ਇਸ ਪੱਖ ਨੂੰ ਹੋਰ ਪ੍ਰਫੁਲਤ ਕਰਨ ਲਈ ਅਤੇ ਭਾਰਤੀ ਰਾਜਨੀਤੀ ਦੇ ਅਸਲ ਮੁੱਦਿਆਂ ਨੂੰ ਸਮਝਣ ਲਈ ਇਹ ਲਿਖਤ ਇਕ ਬੁਨਿਆਦ ਦਾ ਕਾਰਜ ਕਰਦੀ ਹੈ। ਇਸ ਉਪਰ ਅਸੀਂ ਹੋਰ ਭਰਵੀਂ ਚਰਚਾ ਜਿਸ ਵਿਚ ਕਈ ਕਿਸਮ ਦੇ ਟਕਰਾਵੇਂ ਵਿਚਾਰ ਵੀ ਹੋ ਸਕਦੇ ਹਨ ਉਸ ਨੂੰ ਵਿਕਸਿਤ ਕਰਨ ਹਿੱਤ ਇਹ ਲਿਖਤ ਦੀ ਅਹਿਮੀਅਤ ਸਮਝਦੇ ਹੋਏ ਅਤੇ ਇਕ ਇਤਿਹਾਸਕ ਦੌਰ ਦੀ ਗੱਲ ਕਰਦੀ ਹੋਈ ਇਹ ਮੁਲਾਕਾਤ ਅਤੇ ਵਿਚਾਰ ਤੁਹਾਡੇ ਰੂਬਰੂ ਕਰ ਰਹੇ ਹਾਂ।

– ਸੰਪਾਦਕ



ਰਾਜ ਚੇਂਗੱਪਾ

**ਸੱਤਾ 'ਚ ਹੁੰਦਿਆਂ ਤੁਸੀਂ ਕੀ ਸਿੱਖਿਆ ਜਾਂ ਤੁਹਾਡਾ ਅਨੁਭਵ ਕੀ ਰਿਹਾ?**

– ਹਰ ਕਿਸੇ ਨੂੰ ਇਹੀ ਲੱਗਦਾ ਹੈ ਕਿ ਸਰਕਾਰ ਕੋਲ ਪੈਸੇ ਦੀ ਕੋਈ ਘਾਟ ਨਹੀਂ ਹੈ; ਇਸ ਕੋਲ ਬਹੁਤ ਪੈਸਾ ਹੈ। ਦਰਅਸਲ ਸੈਂਕੜੇ ਕਰੋੜਾਂ ਰੁਪਏ ਦੇ ਅਨੇਕਾਂ ਵੱਡੇ ਪ੍ਰਾਜੈਕਟ ਦਿੱਤੇ ਜਾ ਰਹੇ ਸਨ ਜਿਨ੍ਹਾਂ ਦਾ ਸਪਸ਼ਟ ਤੌਰ 'ਤੇ ਕੋਈ ਜਨਤਕ ਮਹੱਤਵ ਨਹੀਂ ਸੀ। ਜਦੋਂ ਅਜਿਹੇ ਪ੍ਰਾਜੈਕਟ ਆਰੰਭੇ ਜਾਂਦੇ ਹਨ ਤਾਂ ਇਨ੍ਹਾਂ ਲਈ ਵੱਡੀ ਮਾਤਰਾ 'ਚ ਧਨ ਦੀ ਲੋੜ ਪੈਂਦੀ ਹੈ ਪਰ ਜਦੋਂ ਤੁਹਾਡੇ ਕੋਲ ਸਹੀ ਇਰਾਦਿਆਂ ਵਾਲੇ ਲੋਕ ਹੋਣ ਜੋ ਨਵੇਂ ਵਿਚਾਰਾਂ ਪ੍ਰਤੀ ਸਾਕਾਰਾਤਮਕ ਦ੍ਰਿਸ਼ਟੀਕੋਣ ਰੱਖਦੇ ਹੋਣ ਤਾਂ ਜ਼ਿਆਦਾ ਮੁਸ਼ਕਲ ਨਹੀਂ ਆਉਂਦੀ। ਦੂਜੀ ਗੱਲ ਇਹ ਹੈ ਕਿ ਨਿੱਜੀ ਹਿੱਤ ਬਹੁਤ ਵੱਡੇ ਹੁੰਦੇ ਹਨ; ਇਹ ਹਰ ਜਗ੍ਹਾ ਹੁੰਦੇ ਹਨ- ਰਾਜਨੀਤਕ, ਵਪਾਰਕ, ਅਫਸਰਸ਼ਾਹੀ ਤੇ ਇੱਥੋਂ ਤਕ ਕਿ ਮੀਡੀਆ ਖੇਤਰ ਵਿੱਚ ਵੀ। ਮੈਂ ਤੁਹਾਨੂੰ ਇੱਕ ਉਦਾਹਰਣ ਦਿੰਦਾ ਹਾਂ: ਭ੍ਰਿਸ਼ਟਾਚਾਰ ਰੋਕੂ ਐਕਟ ਨੂੰ ਵੱਡੇ ਪੱਧਰ 'ਤੇ ਮੱਧਮ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਮੀਡੀਆ 'ਚ ਕੋਈ ਵੀ ਇਸ ਬਾਰੇ ਗੱਲ ਨਹੀਂ ਕਰ ਰਿਹਾ। ਮੀਡੀਆ ਇਸ ਗੱਲ 'ਤੇ ਹੈਰਾਨੀ ਪ੍ਰਗਟ ਕਰਨ 'ਚ ਹੀ ਵਿਅਸਤ ਹੈ ਕਿ ਅਰਵਿੰਦ ਨੇ ਤਿੰਨ ਜਾਂ ਚਾਰ ਬੈੱਡਰੂਮ ਵਾਲਾ ਮਕਾਨ ਕਿਉਂ ਲਿਆ ਹੈ; ਉਸ ਨੇ ਆਪਣਾ ਸਵੈਟਰ ਤੇ ਸੈਂਡਲ ਕਿਉਂ ਬਦਲੇ ਹਨ। ਪੂਰੀ ਕੋਸ਼ਿਸ਼ ਸਾਨੂੰ ਫੇਲ੍ਹ ਕਰਨ ਦੀ ਹੈ। ਇਹ ਵਿਖਾਉਣ ਦੀ ਕਿ ਅਸੀਂ ਸਰਕਾਰ ਚਲਾਉਣਾ ਨਹੀਂ ਜਾਣਦੇ। ਸਪਸ਼ਟ ਹੈ ਕਿ ਇਸ ਵਿੱਚ ਵੀ ਕੁਝ ਲੋਕਾਂ ਦੇ ਨਿੱਜੀ ਹਿੱਤ ਹਨ।

**ਤੁਹਾਡੇ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਤੁਸੀਂ ਕਾਹਲ ਵਿੱਚ ਰਹਿੰਦੇ ਹੋ, ਘੱਟ ਸਮੇਂ ਵਿੱਚ ਹੀ ਬਹੁਤ ਕੁਝ ਕਰਨਾ ਚਾਹੁੰਦਾ ਹੈ। ਇਸ ਸਭ ਪਿੱਛੇ ਤੁਹਾਡੀ ਕੀ ਰਣਨੀਤੀ ਹੈ? ਕੀ ਤੁਹਾਨੂੰ ਇੰਜ ਲੱਗਦਾ ਹੈ ਕਿ ਤੁਹਾਡੀ ਸਰਕਾਰ ਜਲਦੀ ਹੀ ਡਿੱਗ ਜਾਵੇਗੀ ਅਤੇ ਅਜਿਹਾ ਹੋਣ ਤੋਂ ਪਹਿਲਾਂ ਤੁਸੀਂ ਸਾਰਾ ਕੁਝ ਹੀ ਕਰਨਾ ਹੈ?**

– ਅਸੀਂ ਨਹੀਂ ਮੰਨਦੇ ਕਿ ਅਸੀਂ ਕੁਝ ਵੀ ਜਲਦਬਾਜ਼ੀ ਵਿੱਚ ਕਰ ਰਹੇ ਹਾਂ। ਅਸੀਂ ਸਖ਼ਤ ਮਿਹਨਤ ਕਰ ਰਹੇ ਹਾਂ ਅਤੇ ਸਾਨੂੰ ਅਜਿਹਾ ਕਰਨਾ ਵੀ ਪਵੇਗਾ। ਅਸੀਂ ਕਈ ਗ਼ਲਤੀਆਂ ਕੀਤੀਆਂ ਹਨ ਅਤੇ ਸ਼ੁਰੂਆਤ ਵਿੱਚ ਅਸੀਂ ਇਹ ਕਹਿੰਦੇ ਰਹੇ ਹਾਂ। ਅਸੀਂ ਗਲਤੀਆਂ ਬਾਰੇ ਦੱਸੇ ਜਾਣ ਲਈ ਮੀਡੀਆ ਦੇ ਸ਼ੁਕਰਗੁਜ਼ਾਰ ਹਾਂ। 'ਫੀਡਬੈਕ' ਦੇ ਆਧਾਰ ਉੱਤੇ ਅਸੀਂ ਆਪਣੇ ਕੁਝ ਕੰਮਾਂ ਨੂੰ ਵੀ ਵਾਪਸ ਲਿਆ ਹੈ। ਅਸੀਂ ਹਮੇਸ਼ਾ ਹਾਂ-ਪੱਖੀ ਆਲੋਚਨਾ ਨੂੰ ਮਾਨਤਾ ਦਿੱਤੀ ਹੈ ਪਰ ਜੇਕਰ ਕੁਝ ਗਲਤ ਹੋ ਜਾਂਦਾ ਹੈ, ਮੈਂ ਨਹੀਂ ਮੰਨਦਾ ਕਿ ਇਸ ਲਈ ਕਾਹਲ ਜ਼ਿੰਮੇਵਾਰ ਸੀ।

**ਤੁਹਾਡੀਆਂ ਗਲਤੀਆਂ ਕਿਹੜੀਆਂ ਸਨ?**

– ਕਈ। ਮਿਸਾਲ ਵਜੋਂ, ਅਸੀਂ 'ਜਨਤਾ ਦਰਬਾਰ' ਲਗਾਇਆ, ਪਰ ਇਹ ਸਫਲ ਨਾ ਹੋ ਸਕਿਆ। ਜਦੋਂ ਮੈਂ ਸਵੇਰੇ ਉੱਠਦਾ ਹਾਂ ਤਾਂ ਮੇਰੇ ਘਰ ਦੇ ਬਾਹਰ ਬਹੁਤ ਸਾਰੇ ਲੋਕ ਖੜ੍ਹੇ ਹੁੰਦੇ ਹਨ; ਮੈਂ ਉਨ੍ਹਾਂ ਨੂੰ ਮਿਲਦਾ ਹਾਂ। ਇਸ ਲਈ ਇਹ ਫੈਸਲਾ ਲਿਆ ਹੈ ਕਿ ਸਾਰੇ ਮੰਤਰੀ ਹਫ਼ਤੇ ਵਿੱਚ ਇਕ ਵਾਰ ਲੋਕਾਂ ਨੂੰ ਮਿਲਣਗੇ ਅਤੇ ਬਾਕੀ ਦੇ ਦਿਨ ਅਫ਼ਸਰ ਉਨ੍ਹਾਂ ਨੂੰ ਮਿਲਣਗੇ। ਇਸ ਦਾ ਮਕਸਦ ਲੋਕਾਂ ਨੂੰ ਨਿੱਜੀ ਤੌਰ 'ਤੇ ਮਿਲਣਾ ਸੀ ਪਰ ਜਿਸ ਦਿਨ ਅਸੀਂ ਇਸ ਵਿਚਾਰ ਬਾਰੇ ਐਲਾਨ ਕੀਤਾ; ਹਜ਼ਾਰਾਂ ਹੀ ਲੋਕ ਆ ਗਏ। ਅਸੀਂ 2000-3000 ਲੋਕਾਂ ਲਈ ਬੰਦੋਬਸਤ ਕੀਤੇ ਸਨ ਪਰ 20000 ਲੋਕ ਪਹੁੰਚ ਗਏ। ਮੈਨੂੰ ਲੱਗਦਾ ਹੈ ਕਿ ਅਜਿਹਾ ਕਰਨ ਤੋਂ ਪਹਿਲਾਂ ਸਾਨੂੰ ਦੂਜੇ ਰਾਜਾਂ ਵਿੱਚ ਲਾਗੂ ਕੀਤੇ ਗਏ ਮਾਡਲਾਂ ਬਾਰੇ ਜਾਣਨਾ ਚਾਹੀਦਾ ਸੀ। ਅਜਿਹੇ ਕਈ ਛੋਟੇ ਕਦਮ ਹਨ ਜਿਨ੍ਹਾਂ ਨੂੰ ਸਾਨੂੰ ਵਾਪਸ ਲੈਣਾ ਪਿਆ। ਸਪਸ਼ਟ ਤੌਰ 'ਤੇ ਇਸ ਸਭ ਤੋਂ ਹਰ ਕੋਈ ਸਿੱਖਦਾ ਹੈ।

**ਕੀ ਤੁਹਾਨੂੰ ਉਮੀਦ ਸੀ ਕਿ ਤੁਸੀਂ ਇੰਨੀ ਜਲਦੀ ਸੱਤਾ 'ਚ ਆ ਜਾਓਗੇ?**

– ਚੋਣਾਂ ਤੋਂ ਤਿੰਨ ਜਾਂ ਚਾਰ ਮਹੀਨੇ ਪਹਿਲਾਂ ਲੋਕਾਂ ਦੇ ਰੁਝਾਨ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਅਸੀਂ ਜਿੱਤ ਜਾਵਾਂਗੇ।

**ਤੁਸੀਂ ਸੱਤਾ 'ਚ ਆਉਣ ਤੋਂ ਬਾਅਦ ਆਪਣੇ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਸੋਚ-ਵਿਚਾਰ ਕਰ ਲਿਆ ਸੀ। ਤੁਸੀਂ ਆਪਣੀ ਜਿੱਤ ਤੋਂ ਹੈਰਾਨ ਹੋ ਕੇ ਅਚਾਨਕ ਹੀ ਫ਼ੈਸਲੇ ਨਹੀਂ ਲੈ ਰਹੇ ਹੋ?**

– ਅਸੀਂ ਉਸ ਸਰਕਾਰ ਤੋਂ ਰਾਜ ਸੱਤਾ ਪ੍ਰਾਪਤ ਕੀਤੀ ਹੈ ਜੋ ਪਿਛਲੇ 15 ਸਾਲਾਂ ਤੋਂ ਸ਼ਾਸਨ ਕਰ ਰਹੀ ਸੀ। ਤੁਸੀਂ ਉਨ੍ਹਾਂ ਦੇ ਨਿੱਜੀ ਹਿੱਤਾਂ ਬਾਰੇ ਅੰਦਾਜ਼ਾ ਲਾ ਸਕਦੇ ਹੋ। ਅਸੀਂ ਨਹੀਂ ਜਾਣਦੇ ਕਿ ਕਿਹੜੇ ਅਫ਼ਸਰ ਦਾ ਝੁਕਾਅ ਕਿਸ ਵੱਲ ਹੈ। ਇੱਕ ਟੀਮ ਬਣਾਉਣ ਵਿੱਚ ਵਕਤ ਲੱਗਦਾ ਹੈ। ਤੁਹਾਨੂੰ ਅਫ਼ਸਰਾਂ ਨਾਲ ਜਾਣ-ਪਛਾਣ ਕਰਨ ਵਿੱਚ 20-25 ਦਿਨ ਲੱਗ ਜਾਂਦੇ ਹਨ। ਤੁਸੀਂ ਕਿਸੇ ਨੂੰ ਵੀ ਕਿਸੇ ਵੀ ਅਹੁਦੇ 'ਤੇ ਨਿਯੁਕਤ ਨਹੀਂ ਕਰ ਸਕਦੇ। ਚੰਗੇ ਅਫ਼ਸਰ ਮਿਲਣੇ ਮੁਸ਼ਕਲ ਹਨ। ਇੰਨੀ ਜਲਦੀ ਸਾਡੇ ਬਾਰੇ ਰਾਇ ਬਣਾਉਣੀ ਉਚਿਤ ਨਹੀਂ ਹੈ।


**ਦਿੱਲੀ ਪੁਲੀਸ ਵਾਲੇ ਵਿਵਾਦਤ ਮਾਮਲੇ ਵਿੱਚ ਦੋ ਨੁਕਤੇ ਹਨ: ਬਹੁਤ ਸਾਰੇ ਲੋਕ ਤੁਹਾਡੇ ਨਾਲ ਸਹਿਮਤ ਹਨ ਕਿ ਚੀਜ਼ਾਂ ਬਦਲਣੀਆਂ ਚਾਹੀਦੀਆਂ ਹਨ ਪਰ ਕੁਝ ਲੋਕਾਂ ਵੱਲੋਂ ਤੁਹਾਡੇ ਵੱਲੋਂ ਸੰਵਿਧਾਨ ਤਹਿਤ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਅਪਣਾਈ ਗਈ ਧਰਨਾ ਨੀਤੀ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ ਹੈ। ਕਈਆਂ ਨੇ ਕਿਹਾ ਕਿ ਤੁਸੀਂ ਦਿੱਲੀ ਪੁਲੀਸ ਵਿੱਚ ਅਸੰਤੁਸ਼ਟਤਾ ਲਿਆ ਸਕਦੇ ਸੀ। ਤੁਸੀਂ ਧਰਨੇ ਦਾ ਰਾਹ ਕਿਉਂ ਅਪਣਾਇਆ?**

– ਪਹਿਲੀ ਗੱਲ ਇਹ ਹੈ ਕਿ ਮੈਂ ਨਹੀਂ ਮੰਨਦਾ ਕਿ ਜੇਕਰ ਕੋਈ ਵਿਅਕਤੀ ਕਿਸੇ ਸੰਵਿਧਾਨਕ ਅਹੁਦੇ 'ਤੇ ਹੈ ਤਾਂ ਉਸ ਕੋਲ ਮੁਜ਼ਾਹਰਾ ਕਰਨ ਦਾ ਅਧਿਕਾਰ ਨਹੀਂ ਰਹਿ ਜਾਂਦਾ ਜਾਂ ਉਸ ਨੂੰ ਮੁਜ਼ਾਹਰਾ ਨਹੀਂ ਕਰਨਾ ਚਾਹੀਦਾ। ਜੇਕਰ ਅਜਿਹਾ ਕਰਨ ਦੀ ਜ਼ਰੂਰਤ ਹੈ ਤਾਂ ਵਿਅਕਤੀ ਨੂੰ ਨਿਆਂ ਪ੍ਰਾਪਤ ਕਰਨ ਲਈ ਅਹਿੰਸਾਮਈ ਢੰਗ ਨਾਲ ਲੜਨਾ ਚਾਹੀਦਾ ਹੈ। ਸੜਕਾਂ ਉੱਤੇ ਨਿਆਂ ਲਈ ਉਤਰ ਆਉਣਾ ਪੂਰੀ ਤਰ੍ਹਾਂ ਸੰਵਿਧਾਨਕ ਢੰਗ ਹੈ। ਇਹ ਧਾਰਾ-19 ਅਧੀਨ ਸਾਡੇ ਸੰਵਿਧਾਨ ਦਾ ਹਿੱਸਾ ਹੈ। ਇਸ ਨੂੰ ਆਮ ਆਦਮੀ ਤਕ ਹੀ ਸੀਮਤ ਕਿਉਂ ਰੱਖਿਆ ਜਾਵੇ? ਜੇਕਰ ਕੋਈ ਮੁੱਖ ਮੰਤਰੀ ਖ਼ੁਦ ਨੂੰ ਕਿਸੇ ਖ਼ਾਸ ਸਥਿਤੀ 'ਚ ਬੇਸਹਾਰਾ ਮਹਿਸੂਸ ਕਰਦਾ ਹੈ ਅਤੇ ਉਹ ਕੁਝ ਨਹੀਂ ਕਰ ਪਾਉਂਦਾ ਜੋ ਉਹ ਕਰਨਾ ਚਾਹੁੰਦਾ ਹੈ ਤਾਂ ਉਹ ਕਿਉਂ ਧਰਨਾ ਨਹੀਂ ਦੇ ਸਕਦਾ? ਇਹ ਲੋਕਤੰਤਰ ਦੀ ਗਲਤ ਧਾਰਨਾ ਹੈ ਕਿ ਇਕ ਮੁੱਖ ਮੰਤਰੀ ਨੂੰ ਆਪਣੇ ਏ.ਸੀ. ਕਮਰੇ ਵਿੱਚ ਹੀ ਕੰਮ ਕਰਨਾ ਚਾਹੀਦਾ ਹੈ ਅਤੇ ਸੜਕਾਂ 'ਤੇ ਨਹੀਂ ਆਉਣਾ ਚਾਹੀਦਾ। ਉਸ ਨੂੰ ਜ਼ਰੂਰ ਸੜਕਾਂ 'ਤੇ ਆਉਣਾ ਚਾਹੀਦਾ ਹੈ ਅਤੇ ਮੈਂ ਅਜਿਹਾ ਹੀ ਕੀਤਾ ਹੈ।

ਦਿੱਲੀ ਵਿੱਚ ਇਕ ਔਰਤ ਨਾਲ ਸਮੂਹਿਕ ਬਲਾਤਕਾਰ ਹੋਇਆ। ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਪੁਲੀਸ ਕਮਿਸ਼ਨਰ ਨੂੰ ਸੱਦਿਆ ਤੇ ਉਸ ਤੋਂ ਔਰਤਾਂ ਖ਼ਿਲਾਫ਼ ਹੋ ਰਹੇ ਅਤਿ ਦਰਜੇ ਦੇ ਅਪਰਾਧਾਂ ਬਾਰੇ ਪੁੱਛਿਆ। ਉਸ ਨੇ ਬਲਾਤਕਾਰ ਦੇ ਮਾਮਲਿਆਂ ਦੀ ਗਿਣਤੀ ਸਬੰਧੀ ਅੰਕੜੇ ਪੇਸ਼ ਕਰ ਦਿੱਤੇ। ਮੈਂ ਕਿਹਾ ਕਿ ਅੰਕੜੇ ਲੋਕ ਸੰਪਰਕ ਦੇ ਉਦੇਸ਼ ਲਈ ਤਾਂ ਠੀਕ ਹਨ ਪਰ ਜੇਕਰ ਇੱਕ ਵੀ ਬਲਾਤਕਾਰ ਦੀ ਘਟਨਾ ਵਾਪਰਦੀ ਹੈ ਤਾਂ ਅਜਿਹਾ ਵੀ ਕਿਉਂ ਹੁੰਦਾ ਹੈ। ਦਿੱਲੀ ਵਿੱਚ ਪਿਛਲੇ ਇੱਕ ਸਾਲ ਦੌਰਾਨ ਬਲਾਤਕਾਰ ਦੀਆਂ ਘਟਨਾਵਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਬਲਾਤਕਾਰ ਦੇ ਮਾਮਲੇ ਦੋ ਪ੍ਰਕਾਰ ਦੇ ਹਨ: ਇੱਕ ਤਾਂ ਜਿਹੜੇ ਕਿਸੇ ਪਰਿਵਾਰ ਵਿੱਚ ਵਾਪਰਦੇ ਹਨ; ਜਿਨ੍ਹਾਂ ਬਾਰੇ ਪੁਲੀਸ ਕੁਝ ਨਹੀਂ ਕਰ ਸਕਦੀ। ਦੂਜੇ ਜਿਨ੍ਹਾਂ 'ਚ ਗੈਰ-ਸਮਾਜਿਕ ਤੱਤ ਸ਼ਾਮਲ ਹੁੰਦੇ ਹਨ। ਮੈਂ ਕਿਹਾ ਕਿ 90 ਫੀਸਦੀ ਅਪਰਾਧ ਪੁਲੀਸ ਦੀ ਪੂਰੀ ਮਿਲੀਭੁਗਤ ਅਤੇ ਜਾਣਕਾਰੀ ਨਾਲ ਵਾਪਰਦੇ ਹਨ। ਇਸ ਲਈ ਜੇਕਰ ਕਿਸੇ ਖਾਸ ਖੇਤਰ 'ਚ ਬਲਾਤਕਾਰ ਦੀ ਘਟਨਾ ਵਾਪਰਦੀ ਹੈ ਤਾਂ ਹੈਰਾਨੀ ਹੋਣਾ ਲਾਜ਼ਮੀ ਹੈ। ਤੁਹਾਨੂੰ ਜ਼ਿੰਮੇਵਾਰੀ ਨਿਸ਼ਚਿਤ ਕਰਨੀ ਪਵੇਗੀ। ਜ਼ਰੂਰੀ ਨਹੀਂ ਕਿ ਇਹ ਐੱਸ-ਐੱਚ.ਓ. ਹੋਵੇ-ਇਹ ਬੀਟ ਕਾਂਸਟੇਬਲ, ਐਸ.ਆਈ. ਵੀ ਹੋ ਸਕਦਾ ਹੈ; ਭਾਵੇਂ ਉਹ ਕੋਈ ਵੀ ਹੋਵੇ ਜਿਸ ਦੀ ਉਸ ਦਿਨ ਸੜਕ 'ਤੇ ਡਿਊਟੀ ਲਗਾਈ ਗਈ ਸੀ ਪਰ ਉਹ ਉੱਥੇ ਮੌਜੂਦ ਨਹੀਂ ਸੀ। ਇਸ ਲਈ ਜਦੋਂ ਡੈਨਿਸ਼ ਔਰਤ ਨਾਲ ਸਮੂਹਿਕ ਬਲਾਤਕਾਰ ਹੋਇਆ ਤਾਂ ਮੈਂ ਕਿਹਾ ਕਿ ਕਿਸੇ ਨੂੰ ਤਾਂ ਜਾਣਾ ਹੀ ਪਵੇਗਾ। ਤੁਸੀਂ ਇਹ ਨਹੀਂ ਆਖ ਸਕਦੇ ਕਿ ਕੋਈ ਵੀ ਜ਼ਿੰਮੇਵਾਰ ਨਹੀਂ ਹੈ।

ਇਕ ਹੋਰ ਇਲਾਕੇ ਵਿੱਚ ਇਕ ਔਰਤ ਨੂੰ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਐੱਸ.ਐੱਚ.ਓ. ਨੇ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸਾਡਾ ਮੰਤਰੀ ਘਰ ਦੇ ਬਾਹਰ ਖੜ੍ਹਾ ਸੀ ਜਦਕਿ ਸਾਰੇ ਦੋਸ਼ੀ ਘਰ ਦੇ ਅੰਦਰ ਸਨ। ਮੁਹੱਲੇ ਦੇ ਲੋਕ ਇਕੱਠੇ ਹੋ ਗਏ; ਐੱਸ.ਐੱਚ.ਓ. ਵੀ



ਉੱਥੇ ਖੜ੍ਹਾ ਹੋਇਆ ਸੀ ਅਤੇ ਲੋਕਾਂ ਨੇ ਉਸ ਨੂੰ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਪਰ ਉਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਹਾ,"ਜੇ ਤੁਸੀਂ ਕਰ ਸਕਦੇ ਹੋ ਤਾਂ ਮੇਰਾ ਤਬਾਦਲਾ ਕਰ ਕੇ ਵਿਖਾਓ।" ਜੇਕਰ ਅਜਿਹਾ ਕੁਝ ਹੁੰਦਾ ਹੈ ਤਾਂ ਤੁਸੀਂ ਕੀ ਕਰੋਗੇ? ਇਹੀ ਕਾਰਨ ਹੈ ਕਿ ਮੈਨੂੰ ਧਰਨਾ ਦੇਣਾ ਪਿਆ। ਪੁਲੀਸ ਬਾਰੇ ਕੁਝ ਕਰਨ ਲਈ। ਕੁਝ ਲੋਕਾਂ ਦਾ ਕਹਿਣਾ ਸੀ ਕਿ ਮੈਂ 'ਤਮਾਸ਼ਾ' ਕਰ ਰਿਹਾ ਹਾਂ। ਕੋਈ ਵੀ ਰਾਤ ਦੇ 4 ਡਿਗਰੀ ਸੈਲਸੀਅਸ ਤਾਪਮਾਨ 'ਤੇ ਤਮਾਸ਼ਾ ਨਹੀਂ ਕਰ ਸਕਦਾ। ਹੋਰ ਲੋਕ ਏ.ਸੀ. 'ਚ ਬਹਿ ਕੇ ਤਮਾਸ਼ਾ ਕਰਦੇ ਹਨ। ਮੇਰਾ ਮੰਨਣਾ ਹੈ ਕਿ ਧਰਨਾ ਆਮ ਲੋਕਾਂ ਲਈ ਠੀਕ ਰਿਹਾ।

**ਸੂਬੇ ਦੇ ਮੁੱਖ ਮੰਤਰੀ ਵੱਲੋਂ ਦਿੱਲੀ ਪੁਲੀਸ ਨੂੰ ਕੰਟਰੋਲ ਕਰਨ ਦੇ ਮਾਮਲੇ ਬਾਰੇ ਤੁਹਾਡੀ ਕੀ ਰਾਇ ਹੈ? ਕੀ ਤੁਹਾਨੂੰ ਸੋਧ ਕਰਵਾਉਣ ਲਈ ਸੰਸਦ ਵਿੱਚ ਨਹੀਂ ਜਾਣਾ ਚਾਹੀਦਾ?**

– ਦਿੱਲੀ ਪੁਲੀਸ ਨੂੰ ਦਿੱਲੀ ਸਰਕਾਰ ਅਧੀਨ ਹੋਣਾ ਪਵੇਗਾ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਅੱਜ ਦਿੱਲੀ ਪੁਲੀਸ ਪੂਰੀ ਤਰ੍ਹਾਂ ਗ਼ੈਰ-ਜ਼ਿੰਮੇਵਾਰ ਹੈ। ਸ਼ਿੰਦੇ ਨੂੰ ਕੋਈ ਲੈਣਾ-ਦੇਣਾ ਨਹੀਂ ਹੈ (ਉਹ ਕੰਮ ਕਿੰਜ ਕਰਦੇ ਹਨ) ਇੰਜ ਉਹ ਕਿਸ ਪ੍ਰਤੀ ਜ਼ਿੰਮੇਵਾਰ ਹਨ? ਕੀ ਕੋਈ ਅਜਿਹਾ ਬਲ ਹੋ ਸਕਦਾ ਹੈ ਜਿਸ ਕੋਲ ਸਾਰੀਆਂ ਪੁਲੀਸ ਸ਼ਕਤੀਆਂ ਹੋਣ ਪਰ ਉਹ ਕਿਸੇ ਵੀ ਰਾਜਨੀਤਕ ਮੁਖੀ ਪ੍ਰਤੀ ਜਵਾਬਦੇਹ ਨਾ ਹੋਣ। ਉਨ੍ਹਾਂ ਉੱਤੇ ਰਾਜਨੀਤਕ ਕੰਟਰੋਲ ਹੋਣਾ ਚਾਹੀਦਾ ਹੈ।

**ਤੁਸੀਂ ਪੁਲੀਸ 'ਤੇ ਕੰਟਰੋਲ ਦੀ ਕਿਹੋ ਜਿਹੀ ਵੰਡ ਚਾਹੁੰਦੇ ਹੋ?**

– ਕੇਂਦਰ ਦਾ ਨਵੀਂ ਦਿੱਲੀ ਦੇ ਲੁਟੀਅਨਜ਼ ਜ਼ੋਨ ਅਤੇ ਐੱਨ.ਡੀ.ਐੱਮ.ਸੀ. ਖੇਤਰ 'ਤੇ ਕੰਟਰੋਲ ਹੋਵੇ। ਜਿੱਥੋਂ ਤਕ ਮਿਊਂਸਪਲ ਕੰਮਾਂ ਦਾ ਸਬੰਧ ਹੈ, ਦਿੱਲੀ ਤਿੰਨ ਹਿੱਸਿਆਂ 'ਚ ਵੰਡੀ ਹੋਈ ਹੈ: ਐੱਸ-ਸੀ.ਡੀ., ਐੱਨ.ਡੀ.ਐੱਮ. ਸੀ. ਅਤੇ ਦਿੱਲੀ ਕੈਂਟ ਆਰਮੀ ਖੇਤਰ। ਪੁਲੀਸ ਦੇ ਮਾਮਲੇ ਵਿੱਚ, ਆਰਮੀ ਤੇ ਐਨ.ਡੀ.ਐੱਮ.ਸੀ. ਖੇਤਰ ਕੇਂਦਰ ਕੋਲ ਰੱਖੇ ਜਾ ਸਕਦੇ ਹਨ ਪਰ ਐੱਮ.ਸੀ.ਡੀ. ਖੇਤਰ ਵਿੱਚ ਕੰਟਰੋਲ ਸਾਨੂੰ ਸੌਂਪਿਆ ਜਾਣਾ ਚਾਹੀਦਾ ਹੈ।

**ਆਪਣੀਆਂ ਨੀਤੀਆਂ ਵਿੱਚ ਤੁਸੀਂ ਬਿਜਲੀ ਅਤੇ ਪਾਣੀ ਲਈ ਸਬਸਿਡੀਆਂ ਦਾ ਐਲਾਨ ਕੀਤਾ ਸੀ। ਇਹ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਜਾਂ ਯੂਪੀਏ ਦੀਆਂ ਅਨੇਕਾਂ ਮੌਜੂਦਾ ਨੀਤੀਆਂ ਤੋਂ ਕਿਵੇਂ ਵੱਖਰਾ ਹੈ? ਤੁਸੀਂ ਪਾਰਟੀ ਵੋਟਾਂ ਪ੍ਰਾਪਤ ਕਰਨ ਲਈ ਕੁਝ ਦੇਣ ਵਿੱਚ ਦੂਜੀਆਂ ਪਾਰਟੀਆਂ ਨਾਲੋਂ ਕਿਵੇਂ ਵੱਖਰੀ ਹੈ?**

– ਸਭ ਤੋਂ ਪਹਿਲੀ ਗੱਲ ਸਾਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਦੂਜੀਆਂ ਪਾਰਟੀਆਂ ਵੱਲੋਂ ਜੋ ਕੀਤਾ ਜਾ ਰਿਹਾ ਹੈ, ਉਹ ਸਭ ਗ਼ਲਤ ਹੈ। ਇਹ ਚੰਗਾ ਵੀ ਹੋ ਸਕਦਾ ਹੈ ਤੇ ਗ਼ਲਤ ਵੀ। ਜੇਕਰ ਪੰਜਾਬ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇ ਰਿਹਾ ਹੈ ਤਾਂ ਇਹ ਭਾਵੇਂ ਗ਼ਲਤ ਵਿਚਾਰ ਨਾ ਹੋਵੇ। ਕੀ ਤੁਸੀਂ ਜਾਣਦੇ ਹੋ ਕਿ ਅਸੀਂ ਸਨਅਤ ਨੂੰ ਛੇ ਲੱਖ ਕਰੋੜ ਰੁਪਏ ਦੀ ਸਬਸਿਡੀ ਦੇ ਰਹੇ ਹਾਂ। ਇਹ ਰਿਲਾਇੰਸ, ਟਾਟਾ ਨੂੰ ਜਾਂਦੀ ਹੈ। ਜੇਕਰ ਤੁਸੀਂ ਇਸ ਨੂੰ ਅਮੀਰਾਂ ਨੂੰ ਦਿੰਦੇ ਹੋ ਤਾਂ ਕੋਈ ਸ਼ਿਕਾਇਤ ਨਹੀਂ ਕਰਦਾ, ਪਰ ਜੇ ਤੁਸੀਂ ਇਕ ਸਾਧਾਰਨ ਵਿਅਕਤੀ ਨੂੰ 200 ਰੁਪਏ ਦੀ ਸਬਸਿਡੀ ਦੇ ਦਿੰਦੇ ਹੋ ਤਾਂ ਹਰ ਕੋਈ ਬੋਲਣ ਲੱਗ ਪੈਂਦਾ ਹੈ। ਗਰੀਬ ਨੂੰ ਸਬਸਿਡੀ ਦੇਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਪੂਰੇ ਵਿਸ਼ਵ ਵਿੱਚ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ, ਜਿਸ ਵਿੱਚ ਅਮਰੀਕਾ ਵੀ ਸ਼ਾਮਲ ਹੈ।

ਅਸੀਂ ਦਿੱਲੀ ਵਿੱਚ 40,000 ਕਰੋੜ ਦੇ ਕੁੱਲ ਬਜਟ 'ਚੋਂ 242 ਕਰੋੜ ਰੁਪਏ ਦੀ ਬਿਜਲੀ ਤੇ ਪਾਣੀ 'ਤੇ ਸਬਸਿਡੀ ਦੇ ਰਹੇ ਹਾਂ। ਇਹ ਲਗਪਗ 0.5 ਫੀਸਦੀ ਬਣਦੀ ਹੈ। ਸਕੇਲ ਵੀ ਮਹੱਤਵਪੂਰਨ ਹਨ। ਜੇਕਰ ਮੈਂ 40000 ਕਰੋੜ 'ਚੋਂ 10000 ਕਰੋੜ ਦੀ ਸਬਸਿਡੀ ਦੇ ਦਿੱਤੀ ਹੁੰਦੀ ਤਾਂ ਸ਼ਾਇਦ ਤੁਸੀਂ ਕਹਿੰਦੇ ਕਿ ਇਸ ਵਿਅਕਤੀ ਨੂੰ ਵਿੱਤ ਸੰਭਾਲਣਾ ਨਹੀਂ ਆਉਂਦਾ। ਇਸ 40000 ਕਰੋੜ 'ਚੋਂ ਸਾਨੂੰ ਗਰੀਬਾਂ ਲਈ ਕੁਝ ਕਰਨਾ ਚਾਹੀਦਾ ਹੈ। ਪਾਣੀ ਸਪਲਾਈ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਗਰੀਬਾਂ ਨੂੰ ਜੀਵਨ ਲਈ ਲੋੜੀਂਦਾ ਪਾਣੀ ਮਿਲਣਾ ਚਾਹੀਦਾ ਹੈ।

ਤੁਸੀਂ ਇਸ ਗੱਲ 'ਤੇ ਤਰਕ ਦੇਵੋਗੇ ਕਿ ਮੁਫ਼ਤ ਪਾਣੀ 20 ਕਿਲੋਲੀਟਰ ਦਿੱਤਾ ਜਾਣਾ ਚਾਹੀਦਾ ਹੈ ਜਾਂ 10 ਕਿਲੋਲੀਟਰ ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੁਫ਼ਤ ਪਾਣੀ ਨਹੀਂ ਦਿੱਤਾ ਜਾਣਾ ਚਾਹੀਦਾ ਜਾਂ ਹਰੇਕ ਬੂੰਦ ਦੇ ਪੈਸੇ ਲਏ ਜਾਣੇ ਚਾਹੀਦੇ ਹਨ। ਭਾਵੇਂ ਕੋਈ ਪੈਸੇ ਨਹੀਂ ਵੀ ਦੇ ਸਕਦਾ; ਉਸ ਨੂੰ ਪਾਣੀ ਚਾਹੀਦਾ ਹੈ। ਜੇ ਤੁਸੀਂ ਉਸ ਨੂੰ ਨਹੀਂ ਦੇਵੋਗੇ ਤਾਂ ਉਹ ਉਸ ਦੀ ਚੋਰੀ ਕਰ ਲਵੇਗਾ। ਤੁਸੀਂ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਹੇ ਹੋ। ਬਿਜਲੀ ਦੇ ਮਾਮਲੇ ਵਿੱਚ ਹਰ ਜਗ੍ਹਾ 'ਕਰਾਸ-ਸਬਸਿਡੀ' ਦਿੱਤੀ ਜਾਂਦੀ ਹੈ। ਜਿਨ੍ਹਾਂ ਕੋਲ 20 ਏਸੀ ਹਨ, ਉਹ ਜ਼ਿਆਦਾ ਭੁਗਤਾਨ ਕਰ ਸਕਦੇ ਹਨ; ਇਕ ਗਰੀਬ 200 ਯੂਨਿਟਾਂ ਲਈ ਵੀ ਸ਼ਾਇਦ ਹੀ ਦੇ ਸਕੇ। ਦਰਅਸਲ ਆਮਦਨ ਟੈਕਸ ਜਾਂ ਸਿੱਧੇ ਟੈਕਸਾਂ ਦੀ ਧਾਰਨਾ ਵੀ ਇਹੋ ਜਿਹੀ ਹੀ ਹੈ। ਇਹ ਬਹੁਤ ਹੀ ਰੋਚਕ ਹੈ ਕਿ 2 ਕਰੋੜ ਲੋਕ ਬਾਕੀ ਦੇ 120 ਕਰੋੜ ਲੋਕਾਂ ਲਈ ਭੁਗਤਾਨ ਕਰ ਰਹੇ ਹਨ।

ਮੈਂ ਮੁੱਖ ਮੰਤਰੀ ਬਣਨ ਤੋਂ ਬਾਅਦ ਆਪਣੇ ਲਈ 450 ਕਰੋੜ ਰੁਪਏ ਦਾ ਹੈਲੀਕਾਪਟਰ ਖਰੀਦ ਸਕਦਾ ਸੀ ਜਿਵੇਂ ਕਿ ਹੋਰ ਸਾਰੇ ਕਰਦੇ ਹਨ। ਮੈਂ ਇਹ ਕਹਿ ਸਕਦਾ ਸੀ ਕਿ ਮੈਂ ਘਰ ਤੋਂ ਦਫਤਰ ਤੱਕ ਹੈਲੀਕਾਪਟਰ ਰਾਹੀਂ ਜਾਵਾਂਗਾ ਅਤੇ ਸੜਕਾਂ 'ਤੇ ਲੋਕਾਂ ਨੂੰ ਪ੍ਰੇਸ਼ਾਨੀ ਨਹੀਂ ਆਉਣ ਦਿਆਂਗਾ। ਲੋਕ ਮੈਨੂੰ ਇਕ ਵਧੀਆ ਅਤੇ ਆਧੁਨਿਕ ਮੁੱਖ ਮੰਤਰੀ ਆਖਦੇ ਪਰ ਮੈਂ ਹੈਲੀਕਾਪਟਰ ਨਾ ਖਰੀਦ ਕੇ 250 ਕਰੋੜ ਰੁਪਏ ਦੀ ਸਬਸਿਡੀ ਦੇ ਦਿੱਤੀ ਅਤੇ ਇਸ ਕਾਰਨ ਕੁਝ ਲੋਕਾਂ ਦਾ ਦਿਲ ਜਲ ਰਿਹਾ ਹੈ।






**ਪਰ ਅਕਸਰ ਇਸ ਗੱਲ ਦਾ ਡਰ ਬਣਿਆ ਰਹਿੰਦਾ ਹੈ ਕਿ ਸਬਸਿਡੀ ਉਨ੍ਹਾਂ ਲੋਕਾਂ ਨੂੰ ਮਿਲ ਜਾਂਦੀ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਲੋੜ ਨਹੀਂ ਹੁੰਦੀ?**

– ਅਸੀਂ ਇਸ ਗੱਲ ਦਾ ਖਿਆਲ ਰੱਖਿਆ ਹੈ। ਤੁਹਾਨੂੰ 400 ਯੂਨਿਟਾਂ ਤੱਕ ਹੀ ਸਬਸਿਡੀ ਮਿਲੇਗੀ। ਜਿਵੇਂ ਹੀ ਤੁਸੀਂ 401 ਯੂਨਿਟ 'ਤੇ ਪੁੱਜਦੇ ਹੋ, ਤੁਹਾਨੂੰ ਸਾਰਾ ਭੁਗਤਾਨ ਕਰਨਾ ਪਵੇਗਾ। ਪਾਣੀ ਲਈ ਵੀ ਇਵੇਂ ਹੀ ਕੀਤਾ ਗਿਆ ਹੈ ਜੇ ਤੁਸੀਂ 20 ਕਿਲੋਲੀਟਰ ਤੋਂ ਵੱਧ ਪਾਣੀ ਦੀ ਖਪਤ ਕਰਦੇ ਹੋ ਤਾਂ ਤੁਹਾਨੂੰ ਸਾਰਾ ਭੁਗਤਾਨ ਕਰਨਾ ਪਵੇਗਾ। ਇਸ ਨਾਲ ਬਚਤ ਨੂੰ ਉਤਸ਼ਾਹ ਮਲਦਾ ਹੈ ਅਤੇ ਵੱਧ ਖਪਤ ਕਰਨ ਵਾਲੇ ਲੋਕਾਂ ਜੋ ਸਬਸਿਡੀ ਪ੍ਰਾਪਤ ਕਰ ਰਹੇ ਹਨ, ਬਾਰੇ ਆਪਣੇ-ਆਪ ਹੀ ਪਤਾ ਚੱਲ ਜਾਂਦਾ ਹੈ।

**ਤੁਸੀਂ ਪਿਛਲੀ ਸਰਕਾਰ ਦੇ ਬਹੁ-ਬਰਾਂਡ ਪਰਚੂਨ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣ ਵਾਲੀ ਨੀਤੀ ਨੂੰ ਵਾਪਸ ਲੈਣ ਦਾ ਫ਼ੈਸਲਾ ਲਿਆ ਹੈ। ਇਸ ਪਿੱਛੇ ਤੁਹਾਡਾ ਕੀ ਤਰਕ ਹੈ?**

– ਆਪਣਾ ਚੋਣ ਮਨੋਰਥ ਪੱਤਰ ਬਣਾਉਂਦਿਆਂ ਅਸੀਂ ਕੁਝ ਸਮੇਂ ਲਈ ਇਸ ਵਿਸ਼ੇ 'ਤੇ ਅਧਿਐਨ ਕੀਤਾ ਸੀ। ਇਸ ਵਿਸ਼ੇ ਸਬੰਧੀ ਕਈ ਵਪਾਰਕ ਅਖ਼ਬਾਰਾਂ ਦੇ ਸੰਪਾਦਕ ਮੈਨੂੰ ਮਿਲਣ ਆਏ ਤੇ ਮੈਂ ਉਨ੍ਹਾਂ ਤੋਂ ਇਸ ਐੱਫਡੀਆਈ ਤੋਂ ਦੇਸ਼ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ ਪੁੱਛਿਆ। ਮੈਂ ਫ਼ਾਇਦੇ ਹੋਣ ਦੀ ਸੂਰਤ ਵਿੱਚ ਫੈਸਲਾ ਬਦਲਣ ਬਾਰੇ ਕਿਹਾ। ਮੈਨੂੰ ਚਾਰ ਫ਼ਾਇਦਿਆਂ ਬਾਰੇ ਦੱਸਿਆ ਗਿਆ; ਕਿਸਾਨਾਂ ਲਈ ਚੰਗੀ ਕੀਮਤ, ਉਪਭੋਗਤਾਵਾਂ ਲਈ ਚੰਗੀ ਕੀਮਤ ਤੇ ਵੱਧ ਰੁਜ਼ਗਾਰ ਮੌਕੇ- ਮੈਂ 130 ਦੇਸ਼ਾਂ ਬਾਰੇ ਕਾਫ਼ੀ ਅਧਿਐਨ ਕੀਤਾ ਹੈ ਜਿੱਥੇ ਬਹੁ-ਬਰਾਂਡ ਪਰਚੂਨ ਵਿੱਚ ਐੱਫਡੀਆਈ ਲਾਗੂ ਹੈ ਤੇ ਮੈਨੂੰ ਸਿਰਫ਼ ਉਪਭੋਗਤਾਵਾਂ ਲਈ ਵੱਧ ਵਿਕਲਪ ਨਜ਼ਰ ਆਏ। ਇੱਥੋਂ ਤਕ ਕਿ ਅਮਰੀਕਾ ਵਿੱਚ ਵੀ ਵਾਲਮਾਰਟ ਖ਼ਿਲਾਫ਼ ਭਾਰੀ ਵਿਰੋਧ ਹੈ। ਮੈਂ ਉਨ੍ਹਾਂ ਦੇਸ਼ਾਂ ਦਾ ਨਾਂ ਦੱਸਣ ਲਈ ਕਿਹਾ ਜਿੱਥੇ ਕਿਸਾਨਾਂ ਨੂੰ ਵਧੀਆ ਕੀਮਤਾਂ ਮਿਲੀਆਂ ਹੋਣ। ਉਹ ਮੈਨੂੰ ਕੋਈ ਵੀ ਨਾਂ ਨਹੀਂ ਦੱਸ ਸਕੇ।

ਉਹ ਚੀਨ ਨੂੰ ਪਰਚੂਨ ਵਿੱਚ ਐੱਫਡੀਆਈ ਦੇ ਸਫ਼ਲ ਉਦਾਹਰਣ ਵਜੋਂ ਪੇਸ਼ ਕਰ ਰਹੇ ਹਨ ਪਰ ਚੀਨ ਵਿੱਚ ਵੱਡਾ ਘਰੇਲੂ ਉਤਪਾਦਨ ਖੇਤਰ ਹੈ ਜਿਸਨੂੰ ਆਪਣੇ ਉਤਪਾਦਾਂ ਲਈ ਬਾਜ਼ਾਰ ਦੀ ਲੋੜ ਹੈ। ਇਸ ਲਈ ਬਣੀਆਂ ਵਸਤਾਂ ਦੀ ਵੰਡ ਲਈ ਵੱਡੇ ਸੰਗਠਤ ਪਰਚੂਨ ਖੇਤਰ ਦੀ ਅਸਲ ਵਿੱਚ ਮੰਗ ਸੀ ਪਰ ਉੱਥੇ ਵੀ ਇਸ ਕਾਰਨ ਵੱਡੇ ਪੱਧਰ 'ਤੇ ਨੌਕਰੀਆਂ ਦੀ ਛਾਂਟੀ ਹੋਈ, ਛੋਟੀਆਂ ਦੁਕਾਨਾਂ ਚਲਾਉਣ ਵਾਲੇ ਲੋਕਾਂ ਦਾ ਕੰਮ ਖੁੱਸ ਗਿਆ ਪਰ ਕਿਉਂਕਿ ਉਤਪਾਦਨ ਖੇਤਰ ਠੀਕ ਚੱਲ ਰਿਹਾ ਸੀ, ਜਿੱਥੇ ਉਹ ਜਾ ਸਕਦੇ ਸਨ। ਇਸ ਕਾਰਨ ਉੱਥੇ ਕੋਈ ਉਥਲ-ਪੁਥਲ ਨਹੀਂ ਮੱਚੀ। ਇੱਥੇ ਲੋਕ ਪਹਿਲਾਂ ਹੀ ਨੌਕਰੀਆਂ ਲਈ ਤਰਸ ਰਹੇ ਹਨ। ਸਾਡੇ ਇੱਥੇ ਬਹੁਤ ਜ਼ਿਆਦਾ ਬੇਰੁਜ਼ਗਾਰੀ ਹੈ ਅਤੇ ਉਤਪਾਦਨ ਘੱਟ ਹੈ। ਸਰਕਾਰੀ ਨੌਕਰੀਆਂ ਨਹੀਂ ਹਨ। ਸਾਨੂੰ ਪ੍ਰਾਈਵੇਟ ਸਨਅਤ ਅਤੇ ਵਪਾਰੀਆਂ ਨੂੰ ਹੱਲਾਸ਼ੇਰੀ ਦੇਣੀ ਪਵੇਗੀ। ਅਸੀਂ ਅਜਿਹੀ ਕੋਈ ਨੀਤੀ ਨਹੀਂ ਅਪਣਾ ਸਕਦੇ ਜਿਸ ਕਾਰਨ ਲੋਕਾਂ ਦੀਆਂ ਨੌਕਰੀਆਂ ਖੁੱਸ ਜਾਣ।

**ਭਾਰਤੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਤੁਹਾਡੀ ਕੀ ਸੋਚ ਹੈ?**

– ਸਾਨੂੰ ਨਿੱਜੀ ਵਪਾਰ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਇਹ ਬੜਾ ਸਪਸ਼ਟ ਹੈ ਕਿ ਸਰਕਾਰ ਦਾ ਵਪਾਰਕ ਖੇਤਰ ਵਿੱਚ ਦਖਲ ਦੇਣ ਦਾ ਕੋਈ ਕੰਮ ਨਹੀਂ। ਇਹ ਕੂੜ ਪ੍ਰਚਾਰ ਹੈ ਕਿ ਅਸੀਂ ਸਮਾਜਵਾਦੀ ਹਾਂ ਅਤੇ ਹਰ ਚੀਜ਼ ਦਾ ਰਾਸ਼ਟਰੀਕਰਨ ਕਰ ਦੇਵਾਂਗੇ। ਕਿਸੇ ਵੀ ਚੀਜ਼ ਦੇ ਰਾਸ਼ਟਰੀਕਰਨ ਕਰਨ ਦੀ ਸਾਡੀ ਕੋਈ ਯੋਜਨਾ ਨਹੀਂ ਹੈ। ਇੱਕ ਭਾਰਤੀ ਜੰਮਦਾ ਹੀ ਉੱਦਮੀ ਹੁੰਦਾ ਹੈ, ਇਹ ਸਾਡੇ ਖ਼ੂਨ ਵਿੱਚ ਹੈ ਪਰ ਮੌਜੂਦਾ ਨੀਤੀਆਂ ਅਤੇ ਇੰਸਪੈਕਟਰ ਲੋਕਾਂ ਨੂੰ ਚੈਨ ਨਾਲ ਵਪਾਰ ਕਰਨ ਨਹੀਂ ਦਿੰਦੇ।

ਅਸੀਂ ਵਪਾਰ ਨੂੰ ਅਨਿਯਮਤ (ਡੀਰੈਗੂਲੇਟ) ਕਰਾਂਗੇ। ਸਰਕਾਰ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ। ਅਸੀਂ ਲੋਕਾਂ ਨੂੰ ਬਿਨਾਂ ਮਨਜ਼ੂਰੀ ਵਪਾਰ ਕਰਨ ਕਰਨ ਦੀ ਖੁੱਲ ਦੇਵਾਂਗੇ ਪ੍ਰੰਤੂ ਜੇਕਰ ਕਿਸੇ ਨੇ ਗਲਤ ਕੀਤਾ ਤਾਂ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ।

**ਜੇਕਰ ਤੁਹਾਨੂੰ ਰਾਸ਼ਟਰੀ ਆਰਥਿਕਤਾ ਦਾ ਇੰਚਾਰਜ ਬਣਾ ਦਿੱਤਾ ਜਾਵੇ, ਤਾਂ ਤੁਸੀਂ ਕੀ ਕਰੋਗੇ?**

ਪਹਿਲਾ, ਵਿਕੇਂਦਰੀਕਰਨ ਦੀ ਜ਼ਰੂਰਤ ਹੈ। ਮੌਜੂਦਾ ਸਮੇਂ ਵਿੱਚ ਰਾਜਨੀਤੀ ਅਤੇ ਆਰਥਿਕਤਾ ਗੁੰਝਲਦਾਰ ਰੂਪ ਵਿੱਚ ਅੰਤਰ-ਸਬੰਧਤ ਹਨ। ਹਾਲ ਹੀ ਵਿੱਚ, ਦੇਸ਼ ਦੇ ਇੱਕ ਵੱਡੇ ਵਪਾਰੀ ਦੇ ਪੁੱਤਰ ਨੇ ਮੈਨੂੰ ਦਿਲਚਸਪ ਨਜ਼ਰੀਆ ਦਿੱਤਾ। ਉਸ ਨੇ ਦੱਸਿਆ ਕਿ ਆਪ ਦੀ ਆਰਥਿਕ ਨੀਤੀ ਦੋ ਸ਼ਬਦਾਂ ਵਿੱਚ ਪ੍ਰਿਭਾਸ਼ਤ ਕੀਤੀ ਜਾ ਸਕਦੀ ਹੈ, ਚੰਗੀ ਰਾਜਨੀਤੀ, ਜਿਸ ਵਾਸਤੇ ਅਸੀਂ ਕੰਮ ਕਰ ਰਹੇ ਹਾਂ। ਉਸ ਨੇ ਕਿਹਾ ਜੇਕਰ ਤੁਸੀਂ ਇਮਾਨਦਾਰ ਮਾਹੌਲ ਸਿਰਜ ਦਿੰਦੇ ਹੋ ਤਾਂ ਵਪਾਰ ਫੈਲ ਜਾਵੇਗਾ। ਲੋਕ ਖੁਦ-ਬ-ਖੁਦ ਵਪਾਰ ਕਰਨਗੇ। ਸਰਕਾਰ ਨਹੀਂ ਬਲਕਿ ਲੋਕ ਵਿਕਾਸ ਕਰਵਾਉਂਦੇ ਹਨ। ਉਨ੍ਹਾਂ ਨੂੰ ਕੇਵਲ ਸਿਹਤਮੰਦ ਮਾਹੌਲ ਦੀ ਲੋੜ ਹੁੰਦੀ ਹੈ, ਜੋ ਸਰਕਾਰ ਪ੍ਰਦਾਨ ਕਰ ਸਕਦੀ ਹੈ।

ਬਹੁਤ ਜਲਦ ਦਿੱਲੀ ਦੇ ਸਾਰੇ ਉਦਯੋਗਿਕ ਖੇਤਰਾਂ ਦੀਆਂ ਸੜਕਾਂ ਨੂੰ ਇੱਕੋ ਵਾਰ ਵਧੀਆ ਬਣਾਉਣ ਜਾ ਰਹੇ ਹਾਂ। ਅਸੀਂ ਵਪਾਰ ਲਈ ਲੋੜੀਂਦੀਆਂ ਸਾਰੀਆਂ ਸੁਵਿਧਾਵਾਂ ਮੁਹੱਈਆ ਕਰਾਵਾਂਗੇ। ਅਸੀਂ ਹੋਰ ਉਦਯੋਗਿਕ ਖੇਤਰ ਵੀ ਖੋਲ੍ਹਾਂਗੇ। ਬਹੁਤ ਸਾਰੇ ਡੈਲੀਗੇਸ਼ਨਾਂ ਨੇ ਮੇਰੇ ਕੋਲ ਵੈਟ ਨਿਯਮਾਂ ਅਤੇ ਫਾਰਮਾਂ ਬਾਰੇ ਸ਼ਿਕਾਇਤਾਂ ਕੀਤੀਆਂ ਹਨ। ਮੈਂ ਤੁਰੰਤ ਵੈਟ ਕਮਿਸ਼ਨਰ ਨਾਲ ਸੰਪਰਕ ਕੀਤਾ ਅਤੇ ਬਹੁਤ ਸਾਰੇ ਫਾਰਮ ਖ਼ਤਮ ਕਰਵਾ ਦਿੱਤੇ ਅਤੇ ਢੰਗ ਤਬਦੀਲ ਕਰ ਦਿੱਤਾ। ਅਸੀਂ ਅਜਿਹੀ ਸਥਿਤੀ ਬਣਾਵਾਂਗੇ ਕਿ ਵਪਾਰੀ ਨੂੰ ਵੈਟ ਦਫ਼ਤਰ ਦੇ ਚੱਕਰ ਨਾ ਕੱਟਣੇ ਪੈਣ। ਸਭ ਕੁਝ ਆਨਲਾਈਨ ਕਰਾਂਗੇ। ਮੈਂ ਸਬੰਧਤ ਅਧਿਕਾਰੀਆਂ ਅਤੇ ਵਪਾਰੀਆਂ ਦੀ ਮੀਟਿੰਗ ਕਰਵਾਈ ਅਤੇ ਮੌਕੇ ਉੱਤੇ ਹੀ ਫ਼ੈਸਲੇ ਲੈ ਲਏ। ਉਹ ਸਮਝੌਤੇ ਉੱਤੇ ਪਹੁੰਚਣ ਤੋਂ ਬਾਅਦ ਹੀ ਉੱਥੋਂ ਗਏ। ਇਹ ਕੋਈ ਰਾਕਟ ਸਾਇੰਸ ਨਹੀਂ ਹੈ।

**ਯੂਪੀਏ ਦੀਆਂ ਦਿਹਾਤੀ ਭਾਰਤ ਲਈ ਬਹੁਤ ਸਾਰੀਆਂ ਨੀਤੀਆਂ ਹਨ, ਜਿਵੇਂ ਰੁਜ਼ਗਾਰ ਗਰੰਟੀ ਸਕੀਮ। ਤੁਸੀਂ ਇਸ ਤੋਂ ਬਿਹਤਰ ਕਿਵੇਂ ਕਰੋਗੇ?**

– ਦਿੱਲੀ ਵਿੱਚ ਬਣਾਈ ਕੋਈ ਨੀਤੀ ਸਫ਼ਲ ਨਹੀਂ ਹੋ ਸਕਦੀ, ਬੇਸ਼ੱਕ ਉਹ ਚੰਗੀ ਨੀਯਤ (ਹਾਲਾਂਕਿ ਮੈਨੂੰ ਬਹੁਤ ਸਾਰੀਆਂ ਨੀਤੀਆਂ ਬਾਰੇ ਨੀਯਤ ਉੱਤੇ ਵੀ ਸ਼ੱਕ ਹੈ) ਨਾਲ ਹੀ ਬਣਾਈ ਗਈ ਹੋਵੇ। ਸਰਕਾਰ ਦਿੱਲੀ ਤੋਂ ਨਹੀਂ ਚਲਾਈ ਜਾ ਸਕਦੀ। ਅਗਲੇ ਹਫ਼ਤੇ ਅਸੀਂ ਮੰਤਰੀ ਮੰਡਲ ਵਿੱਚ ਸਵਰਾਜ ਬਿੱਲ ਲਿਆ ਰਹੇ ਹਾਂ। ਪੈਸਾ ਸਰਕਾਰ ਵੱਲੋਂ ਕੀਤੇ ਫ਼ੈਸਲਿਆਂ ਅਨੁਸਾਰ ਖਰਚ ਨਹੀਂ ਹੋਵੇਗਾ, ਬਲਕਿ ਸਬੰਧਤ ਖੇਤਰ ਦੇ ਬਾਸ਼ਿੰਦਿਆਂ ਦੀ ਰਾਇ ਅਨੁਸਾਰ ਖ਼ਰਚ ਹੋਵੇਗਾ। ਦਿੱਲੀ ਨੂੰ ਲਗਪਗ 3000 ਮੁਹੱਲਿਆਂ ਵਿੱਚ ਵੰਡਿਆ ਜਾਵੇਗਾ, ਜਿੱਥੇ ਲੋਕ ਹਰ ਮਹੀਨੇ ਮਿਲ ਕੇ ਆਪਣੀਆਂ ਤਰਜੀਹਾਂ ਬਾਰੇ ਫ਼ੈਸਲਾ ਲੈਣਗੇ। ਉਨ੍ਹਾਂ ਨੂੰ ਹਿੱਸੇ ਮੁਤਾਬਿਕ ਖ਼ਰਚ ਕਰਨ ਲਈ ਪੈਸਾ ਉਪਲਬਧ ਕਰਵਾਇਆ ਜਾਵੇਗਾ। ਕੁਝ ਲੋਕ ਡਰ ਪ੍ਰਗਟ ਕਰਦੇ ਹਨ ਕਿ ਪੈਸੇ ਦੀ ਦੁਰਉਪਯੋਗ ਹੋ ਸਕਦਾ ਹੈ। ਇੱਥੋਂ ਤਕ ਕਿ ਜੇ ਉਹ ਸਾਰੇ ਪੈਸਾ ਆਪਸ ਵਿੱਚ ਵੰਡ ਵੀ ਲੈਣ, ਇਹ ਰਾਜਨੀਤਿਕ ਆਗੂਆਂ ਦੀ ਜੇਬ ਵਿੱਚ ਜਾਣ ਨਾਲੋਂ ਬਿਹਤਰ ਹੋਵੇਗਾ। ਪਰ ਉਹ ਅਜਿਹਾ ਨਹੀਂ ਕਰਨਗੇ, ਆਪਣੇ

ਬੱਚਿਆਂ ਦੀ ਸਿੱਖਿਆ ਦੀ ਦੇਖਭਾਲ ਇੱਕ ਮਾਂ ਦੀ ਤਰ੍ਹਾਂ ਉਹ ਸਿੱਖਿਆ ਸਕੱਤਰ ਨਾਲੋਂ ਚੰਗੀ ਤਰ੍ਹਾਂ ਕਰਨਗੇ। ਉਹ ਆਪਣੀਆਂ ਤਰਜੀਹਾਂ ਖ਼ੁਦ ਤੈਅ ਕਰਨਗੇ ਅਤੇ ਅਪਣੇ ਬਜਟ ਖ਼ੁਦ ਬਣਾਉਣਗੇ। ਸਰਕਾਰ ਨੂੰ ਇਸ ਦਾ ਫ਼ੈਸਲਾ ਕਰਨ ਦਾ ਹੱਕ ਕਿਉਂ ਮਿਲਣਾ ਚਾਹੀਦਾ ਹੈ ਕਿ ਕਿਸ ਨੂੰ ਰਾਸ਼ਨ ਅਤੇ ਰੁਜ਼ਗਾਰ ਚਾਹੀਦਾ ਹੈ। ਸਬੰਧਤ ਖੇਤਰ ਦੇ ਬਾਸ਼ਿੰਦਿਆਂ ਨੂੰ ਫ਼ੈਸਲਾ ਕਰਨ ਦਿਓ ਕਿ ਕਿਹੜੀ ਸਕੀਮ ਚਲਾਈ ਜਾਵੇ।

**ਮਨਰੇਗਾ ਸਮੇਤ ਰਾਸ਼ਟਰੀ ਪੱਧਰ ਦੀਆਂ ਸਕੀਮਾਂ ਬਾਰੇ ਕੀ ਕਰੋਗੇ?**

– ਇਸ ਵੇਲੇ ਢਾਈ ਸੌ ਤੋਂ ਵੱਧ ਕੇਂਦਰੀ ਸਕੀਮਾਂ ਹਨ। ਇਨ੍ਹਾਂ 'ਚੋਂ ਬਹੁਤੀਆਂ ਨੂੰ ਠੱਪ ਕਰ ਕੇ ਲੋਕਾਂ ਨੂੰ ਸਿੱਧਾ ਪੈਸਾ ਮੁਹੱਈਆ ਕਰਨਾ ਚਾਹੀਦਾ ਹੈ। ਇਨ੍ਹਾਂ ਸਕੀਮਾਂ ਰਾਹੀਂ ਬਹੁਤ ਘੱਟ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਲੋਕ ਆਪਣੀਆਂ ਜ਼ਰੂਰਤਾਂ ਮੁਤਾਬਿਕ ਖ਼ੁਦ ਯੋਜਨਾਵਾਂ ਬਣਾਉਣ।

**ਖ਼ੁਰਾਕ ਸੁਰੱਖਿਆ ਸਕੀਮ ਬਾਰੇ ਤੁਹਾਡੇ ਕੀ ਵਿਚਾਰ ਹਨ?**

– ਲੋਕਾਂ ਨੂੰ ਖ਼ੁਦ ਮੁਹੱਲਾ ਸਭਾਵਾਂ ਵਿੱਚ ਬੈਠ ਕੇ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਸਰਕਾਰੀ ਪੈਸੇ ਦੀ ਵਰਤੋਂ ਕਿੰਜ ਕਰਨੀ ਹੈ। ਕੀ ਉਹ ਖ਼ੁਰਾਕ ਸੁਰੱਖਿਆ ਨੂੰ ਪਹਿਲ ਦੇਣਾ ਚਾਹੁੰਦੇ ਹਾਂ ਜਾਂ ਪੀਣ ਵਾਲੇ ਪਾਣੀ ਨੂੰ।

**ਆਧਾਰ ਕਾਰਡ ਸਕੀਮ ਬਾਰੇ ਤੁਹਾਡਾ ਕੀ ਵਿਚਾਰ ਹੈ?**

– ਲੋਕਾਂ ਨੂੰ ਪਛਾਣ ਪੱਤਰ ਦੇਣ ਦਾ ਵਿਚਾਰ ਕੋਈ ਮਾੜਾ ਨਹੀਂ। ਫਿਰ ਵੀ ਇਸ 'ਤੇ ਕੁਝ ਇਤਰਾਜ਼ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ।

**ਤੁਸੀਂ ਸਬਸਿਡੀਆਂ ਦੇ ਅਸਲੀ ਹੱਕਦਾਰ ਲੋਕਾਂ ਨੂੰ ਪੈਸਾ ਕਿਵੇਂ ਪਹੁੰਚਾਓਗੇ?**

– ਮੈਂ ਅਜਿਹੀ ਕਿਸੇ ਵੀ ਗੱਲ ਦੇ ਹੱਕ ਵਿੱਚ ਨਹੀਂ ਜਿਸਦੀ ਨਿਗਰਾਨੀ ਦਿੱਲੀ ਤੋਂ ਕੀਤੀ ਜਾਵੇ। ਮੈਂ ਫ਼ੈਸਲੇ ਲੈਣ ਦੀ ਪ੍ਰਕਿਰਿਆ ਦੇ ਵਿਕੇਂਦਰੀਕਰਨ ਦੇ ਹੱਕ ਵਿੱਚ ਹਾਂ। ਲੋਕਾਂ ਨੂੰ ਖ਼ੁਦ ਫ਼ੈਸਲੇ ਲੈਣ ਦਿਓ ਕਿਉਂਕਿ ਉਹ ਬਹੁਤ ਕਰੀਏਟਿਵ ਹਨ। ਸਿਆਸਤਦਾਨਾਂ ਨੇ ਉਨ੍ਹਾਂ ਦੀ ਸਿਰਜਣਾਤਮਕਤਾ ਨੂੰ ਕੁਚਲ ਕੇ ਰੱਖਿਆ ਹੋਇਆ ਹੈ। ਜਦੋਂ ਸਾਡੇ ਲੋਕ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਹ ਉੱਚ ਪਾਏ ਦੇ ਖੋਜੀ ਬਣ ਜਾਂਦੇ ਹਨ। ਸਾਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਆਜ਼ਾਦ ਸੋਚ ਵਾਲੇ ਬਣਾਈਏ। ਸਾਨੂੰ ਅਜਿਹੀਆਂ ਖੋਜ ਸੰਸਥਾਵਾਂ ਬਣਾਉਣ ਦੀ ਲੋੜ ਹੈ ਜੋ ਸਰਕਾਰੀ ਨਿਗਰਾਨੀ ਤੋਂ ਆਜ਼ਾਦ ਹੋਣ।

**ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਲੋਕਪਾਲ ਵਿੱਚ ਕੀ ਕਮੀਆਂ-ਪੇਸ਼ੀਆਂ ਹਨ?**

– ਕੇਂਦਰ ਵੱਲੋਂ ਪਾਸ ਕੀਤਾ ਗਿਆ ਲੋਕਪਾਲ ਪੂਰੀ ਤਰ੍ਹਾਂ ਬਕਵਾਸ ਹੈ। ਇਸ ਬਿੱਲ ਦੇ ਆਧਾਰਿਤ ਕਿਸੇ ਚੂਹੇ ਨੂੰ ਵੀ ਕੁੜਿੱਕੀ ਵਿੱਚ ਨਹੀਂ ਫਸਾਇਆ ਜਾ ਸਕਦਾ, ਕਲਮਾਡੀ ਤੇ ਰਾਜਾ ਵਰਗਿਆਂ ਨੂੰ ਜੇਲ੍ਹ ਭੇਜਣਾ ਤਾਂ ਦੂਰ ਦੀ ਗੱਲ ਹੈ।

**ਫਿਰ ਤੁਹਾਡਾ ਬਿੱਲ ਕਿਵੇਂ ਵੱਖਰਾ ਹੈ?**

– ਇਹ ਬਹੁਤ ਤਿੱਖਾ ਹੈ ਜਿਸਦੇ ਤਹਿਤ ਸਜ਼ਾ ਤੁਰੰਤ ਮਿਲ ਸਕਦੀ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਤਕ ਸਾਰੇ ਇਸ ਵਿੱਚ ਆਉਂਦੇ ਹਨ। ਜਿਸ ਕਿਸੇ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਸਾਬਤ ਹੋਵੇਗਾ ਉਸ ਨੂੰ ਛੇ ਮਹੀਨਿਆਂ ਤੋਂ ਇੱਕ ਸਾਲ ਦੇ ਅਰਸੇ ਵਿੱਚ ਜੇਲ੍ਹ ਦੀ ਹਵਾ ਖਾਣੀ ਪਵੇਗੀ। ਉਨ੍ਹਾਂ ਦੀ ਜਾਇਦਾਦ ਜ਼ਬਤ ਹੋ ਜਾਵੇਗੀ ਅਤੇ ਉਸ ਨੂੰ ਗੱਦੀ ਛੱਡਣੀ ਪਵੇਗੀ।

**ਤੁਸੀਂ ਅੰਨਾ ਹਜ਼ਾਰੇ ਤੋਂ ਕਿਉਂ ਵੱਖ ਹੋ ਗਏ। ਇਸ ਦਾ ਕਾਰਨ ਲੋਕਪਾਲ ਬਿੱਲ ਸੀ ਜਾਂ ਕੁਝ ਹੋਰ?**

– ਜਦੋਂ ਸਾਡੇ ਸਿਰਤੋੜ ਯਤਨਾਂ ਦੇ ਬਾਵਜੂਦ ਸਰਕਾਰ ਨੇ ਲੋਕਪਾਲ ਬਿੱਲ ਨਾ ਬਣਾਇਆ ਤਾਂ ਅਸੀਂ ਖ਼ੁਦ ਸਿਆਸੀ ਪਿੜ ਵਿੱਚ ਕੁੱਦ ਕੇ ਇਸ ਮਿਸ਼ਨ ਨੂੰ ਪੂਰਾ ਕਰਨ ਦਾ ਫ਼ੈਸਲਾ ਲਿਆ ਪਰ ਅੰਨਾ ਨੇ ਕਿਹਾ ਕਿ ਉਹ ਸਿਆਸਤ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ। ਮੈਂ ਅੰਨਾ ਨਾਲ ਵੀਹ ਕੁ ਮਿੰਟ ਪਹਿਲਾਂ ਗੱਲ ਕਰ ਕੇ ਉਨ੍ਹਾਂ ਨੂੰ 20 ਫਰਵਰੀ ਦਿੱਲੀ ਆਉਣ ਦਾ ਸੱਦਾ ਦਿੱਤਾ ਹੈ ਜਦੋਂ ਅਸੀਂ ਜਨ ਲੋਕਪਾਲ ਬਿੱਲ ਨੂੰ ਪਾਸ ਕਰਨਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਕੁਝ ਹੋਰ ਰੁਝੇਵਿਆਂ ਕਾਰਨ ਉਸ ਦਿਨ ਨਹੀਂ ਆ ਸਕਦੇ।

**ਕਿਸੇ ਵੇਲੇ ਕਿਰਨ ਬੇਦੀ ਤੁਹਾਡੇ ਨਾਲ ਸੀ?**

– ਇਹ ਸਵਾਲ ਉਸ ਕੋਲੋਂ ਹੀ ਪੁੱਛਣਾ ਚੰਗਾ ਹੋਵੇਗਾ। ਉਹ ਭਾਰਤੀ ਜਨਤਾ ਪਾਰਟੀ ਨੂੰ ਪਸੰਦ ਕਰਦੀ ਜਾਪਦੀ ਹੈ।

**ਰਾਹੁਲ ਗਾਂਧੀ ਬਾਰੇ ਤੁਹਾਡਾ ਕੀ ਵਿਚਾਰ ਹੈ?**

– ਮਿਹਰਬਾਨੀ ਕਰਕੇ ਮੈਨੂੰ ਰਾਹੁਲ ਅਤੇ ਮੋਦੀ ਬਾਰੇ ਟਿੱਪਣੀ ਕਰਨ ਲਈ ਨਾ ਕਹੋ। ਉਨ੍ਹਾਂ ਬਾਰੇ ਟਿੱਪਣੀ ਨਾ ਕਰਨੀ ਹੀ ਠੀਕ ਹੈ।

**ਪਰ ਤੁਸੀਂ ਦਿੱਲੀ ਵਿਚ ਕਾਂਗਰਸ ਦੀ ਮਦਦ ਲਈ ਹੈ?**

– ਅਸੀਂ ਉਨ੍ਹਾਂ ਦੀ ਮਦਦ ਨਹੀਂ ਲਈ। ਉਨ੍ਹਾਂ ਨੇ ਸਾਡੇ ਉੱਤੇ ਵਿਸ਼ਵਾਸ ਪ੍ਰਗਟ ਕੀਤਾ ਹੈ। ਹਾਲੇ ਤਕ ਅਸੀਂ ਉਨ੍ਹਾਂ ਨੂੰ ਇਸ ਲਈ ਨਹੀਂ ਕਿਹਾ ਅਤੇ ਨਾ ਹੀ ਉਨ੍ਹਾਂ ਨਾਲ ਕੋਈ ਮੀਟਿੰਗ ਕੀਤੀ ਹੈ। ਸੱਚਾਈ ਇਹ ਹੈ ਕਿ ਲੋਕਾਂ ਨੂੰ ਮੌਜੂਦਾ ਰਵਾਇਤੀ ਅਤੇ ਵੱਡੀਆਂ ਪਾਰਟੀਆਂ ਤੋਂ ਕੋਈ ਆਸ ਨਹੀਂ ਹੈ। ਲੋਕ ਉਨ੍ਹਾਂ ਦੀ ਰਾਜਨੀਤੀ ਤੋਂ ਨਿਰਾਸ਼ ਹੋ ਚੁੱਕੇ ਹਨ। ਅਸੀਂ ਤਾਂ ਕਿਤੇ ਵੀ ਨਹੀਂ ਅਤੇ ਨਾ ਹੀ ਸਾਡੀ ਕੋਈ ਔਕਾਤ ਸੀ। ਅਰਵਿੰਦ ਕੇਜਰੀਵਾਲ ਕੁਝ ਵੀ ਨਹੀਂ ਸੀ। ਸਾਨੂੰ ਕਿਉਂ ਤਾਕਤ ਵਿੱਚ ਲਿਆਂਦਾ ਗਿਆ? ਇੱਥੇ ਇੱਕ ਭਾਰੀ ਰਾਜਨੀਤਕ ਖਲਾਅ ਹੈ। ਮੌਜੂਦਾ ਸਿਆਸਤਦਾਨਾਂ ਨੇ ਮੁਲਕ ਅਤੇ ਇਸ ਦੇ ਲੋਕਾਂ ਨੂੰ ਲੰਮਾ ਸਮਾਂ ਲੁੱਟਿਆ ਹੈ। ਲੋਕ ਇਨ੍ਹਾਂ ਦੀ ਭ੍ਰਿਸ਼ਟ ਸਿਆਸਤ ਤੋਂ ਅੱਕ ਚੁੱਕੇ ਹਨ। ਉਹ ਇਮਾਨਦਾਰ ਲੋਕਾਂ ਨੂੰ ਹਮਾਇਤ ਦੇਣੀ ਚਾਹੁੰਦੇ ਹਨ। ਅਸੀਂ ਇਮਾਨਦਾਰੀ ਦੀ ਗੱਲ ਕੀਤੀ ਹੈ ਅਤੇ ਇਸ ਦਾ ਮੁਜ਼ਾਹਰਾ ਵੀ ਕੀਤਾ ਹੈ, ਇਸ ਕਰਕੇ ਲੋਕਾਂ ਨੇ ਸਾਨੂੰ ਅੱਗੇ ਲਿਆਂਦਾ ਹੈ।

**ਤੁਸੀਂ ਆਜ਼ਾਦ ਅਦਾਰਿਆਂ ਦੀ ਗੱਲ ਕਰਦੇ ਹੋ ਤੇ ਬੀਜੇਪੀ ਵੀ ਇਹੀ ਕਹਿੰਦੀ ਹੈ। ਫਿਰ 'ਆਪ' ਤੇ ਬੀਜੇਪੀ ਵਿੱਚ ਕੀ ਫ਼ਰਕ ਹੋਇਆ?**

– ਇਹ ਨੀਅਤ ਦਾ ਸਵਾਲ ਹੈ। ਕਾਂਗਰਸ ਵੀ ਇਹੀ ਕਹਿੰਦੀ ਹੈ ਪਰ ਉਨ੍ਹਾਂ ਦੀ ਨੀਅਤ ਸਾਫ਼ ਨਹੀਂ ਜਦਕਿ ਸਾਡੀ ਹੈ ਅਤੇ ਅਸੀਂ ਜੋ ਕਹਿੰਦੇ ਹਾਂ ਉਹ ਕਰਦੇ ਹਾਂ। ਅਸੀਂ ਪਿਛਲੇ ਡੇਢ ਮਹੀਨੇ ਵਿੱਚ ਲੋਕਾਂ ਲਈ ਕਾਫ਼ੀ ਕੁਝ ਕੀਤਾ ਹੈ। ਤੁਸੀਂ ਮੈਨੂੰ ਆਜ਼ਾਦੀ ਤੋਂ ਲੈ ਕੇ ਹੁਣ ਤਕ ਦੀ ਇੱਕ ਵੀ ਸਰਕਾਰ ਵਿਖਾਉ, ਜਿਸ ਨੇ ਇੰਨੇ ਘੱਟ ਸਮੇਂ ਵਿੱਚ ਇੰਨਾ ਕੰਮ ਕੀਤਾ ਹੋਵੇ। ਅਸੀਂ ਉਸ ਹਰ ਨੁਕਤੇ 'ਤੇ ਕੰਮ ਸ਼ੁਰੂ ਕੀਤਾ ਹੈ ਜੋ ਆਪਣੇ ਚੋਣ ਮਨੋਰਥ ਪੱਤਰ ਵਿੱਚ ਉਠਾਏ ਸਨ। ਸਾਡੀ ਨੀਅਤ ਬਿਲਕੁਲ ਸਾਫ਼ ਅਤੇ ਇਮਾਨਦਾਰ ਹੈ ਜਦਕਿ ਉਨ੍ਹਾਂ ਦੀ ਸਾਫ਼ ਨਹੀਂ ਹੈ।

**ਕਾਂਗਰਸ ਕਹਿੰਦੀ ਹੈ ਕਿ ਉਹ ਧਰਮ-ਨਿਰਪੱਖ ਹੈ ਜਦਕਿ ਬੀਜੇਪੀ ਫ਼ਰਜ਼ੀ ਸੈਕੂਲਰ ਹੈ। ਤੁਹਾਡੀ ਘੱਟ ਗਿਣਤੀਆਂ ਪ੍ਰਤੀ ਕੀ ਨੀਤੀ ਹੈ?**

– ਦੋਵੇਂ ਪਾਰਟੀਆਂ ਮਖ਼ੌਲ ਵਾਲੀ ਗੱਲ ਕਰਦੀਆਂ ਹਨ। ਜਦੋਂ ਕੋਈ ਪਾਰਟੀ ਕਾਂਗਰਸ ਦਿੰਦੀ ਹੈ ਤਾਂ ਉਹ ਉਸ ਨੂੰ ਧਰਮ-ਨਿਰਪੱਖ ਕਹਿ ਦਿੰਦੀ ਹੈ ਪਰ ਜਦੋਂ ਉਹੀ ਬੀਜੇਪੀ ਨੂੰ ਹਮਾਇਤ ਦੇ ਦਿੰਦੀ ਹੈ ਤਾਂ ਉਸ ਉੱਤੇ ਫ਼ਿਰਕੂ ਹੋਣ ਦਾ ਲੇਬਲ ਲਗਾ ਦਿੱਤਾ ਜਾਂਦਾ ਹੈ। ਅਸਲੀਅਤ ਇਹ ਹੈ ਕਿ ਕਾਂਗਰਸ ਤੇ ਬੀਜੇਪੀ ਦੋਵੇਂ ਤਾਕਤ ਲਈ ਰਾਜਨੀਤੀ ਕਰ ਰਹੀਆਂ ਹਨ ਅਤੇ ਘੱਟ ਗਿਣਤੀਆਂ ਦੀਆਂ ਵੋਟਾਂ ਹਥਿਆਉਣਾ ਚਾਹੁੰਦੀਆਂ ਹਨ। ਕਾਂਗਰਸ ਅਤੇ ਭਾਜਪਾ ਦੋਵਾਂ ਦਾ ਖਾਸਾ ਇੱਕੋ ਹੀ ਹੈ ਅਤੇ ਇਹ ਸੱਤਾ ਪ੍ਰਾਪਤ ਕਰਨ ਲਈ ਹਜ਼ਾਰਾਂ ਲੋਕਾਂ ਨੂੰ ਮਰਵਾਉਣ ਤਕ ਵੀ ਜਾ ਸਕਦੀਆਂ ਹਨ।

ਜਿੱਥੋਂ ਤਕ ਵਿਕਾਸ ਦੀ ਗੱਲ ਹੈ, ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ, ਫਿਰ ਇਨਸਾਫ਼ ਅਤੇ ਉਸ ਤੋਂ ਬਾਅਦ ਵਿਕਾਸ ਦੀ ਗੱਲ ਆਉਂਦੀ ਹੈ। ਜੇ ਅਸੀਂ ਲੋਕਾਂ ਨੂੰ ਸੁਰੱਖਿਆ ਨਹੀਂ ਦੇ ਸਕਦੇ ਤਾਂ ਵਿਕਾਸ ਨਹੀਂ ਹੋ ਸਕਦਾ ਅਤੇ ਕੇਵਲ ਅਧੂਰਾ ਵਿਕਾਸ ਹੋ ਸਕਦਾ ਹੈ। ਅੱਜ ਰਾਹੁਲ ਗਾਂਧੀ ਅਤੇ ਨਾ ਹੀ ਨਰਿੰਦਰ ਮੋਦੀ ਸੁਰੱਖਿਆ ਅਤੇ ਇਨਸਾਫ਼ ਦੀ ਗੱਲ ਕਰ ਰਹੇ ਹਨ। ਮੁਲਕ ਵਿੱਚ ਔਰਤਾਂ ਦੀ ਸੁਰੱਖਿਆ ਕਿੱਥੇ ਹੈ? ਦੋਵੇਂ ਪਾਰਟੀਆਂ ਵਿਕਾਸ ਦੀ ਗੱਲ ਕਰਦੀਆਂ ਹਨ ਕਿਉਂਕਿ ਇਸ ਵਿੱਚੋਂ ਕਾਫ਼ੀ ਪੈਸਾ ਕਮਾਇਆ ਜਾ ਸਕਦਾ ਹੈ। ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਵਜ਼ਾਰਤ ਵਿੱਚ ਕਈ ਮੰਤਰੀ ਦਾਗ਼ੀ ਹਨ। ਕੀ ਦਾਗ਼ੀ ਮੰਤਰੀਆਂ ਦੇ ਹੁੰਦੇ ਤੁਸੀਂ ਸਰਕਾਰ ਤੋਂ ਇਨਸਾਫ਼ ਅਤੇ ਸੁਰੱਖਿਆ ਦੀ ਆਸ ਕਰ ਸਕਦੇ ਹੋ?

ਸਾਡੀ ਪਾਰਟੀ ਦੇ ਰਾਜੌਰੀ ਗਾਰਡਨ ਸੀਟ ਤੋਂ ਉਮੀਦਵਾਰ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਸਨ ਅਤੇ ਉਸ ਦੀ ਟਿਕਟ ਰੱਦ ਕਰਕੇ ਸੀਟ ਖਾਲੀ ਛੱਡ ਦਿੱਤੀ ਸੀ। ਜੇਕਰ ਤੁਸੀਂ ਭ੍ਰਿਸ਼ਟ ਵਿਅਕਤੀ ਨੂੰ ਉੱਚੀ ਪੁਜੀਸ਼ਨ 'ਤੇ ਬਿਠਾਉਗੇ ਤਾਂ ਉਹ ਆਪਣੇ ਅਧੀਨ ਸਾਰੇ ਸਿਸਟਮ ਨੂੰ ਭ੍ਰਿਸ਼ਟ ਕਰ ਦੇਵੇਗਾ। ਕਾਂਗਰਸ ਤੇ ਭਾਜਪਾ ਦੋਵੇਂ ਇੱਕੋ ਸਿੱਕੇ ਦੇ ਦੋ ਪਾਸੇ ਹਨ।

**ਤੁਹਾਡਾ ਆਪਣੀ ਪਾਰਟੀ ਵਿੱਚ ਮਤਭੇਦਾਂ ਬਾਰੇ ਕੀ ਖ਼ਿਆਲ ਹੈ? ਕੈਪਟਨ ਗੋਪੀਨਾਥ ਵਰਗੇ ਕੁਝ ਵਿਅਕਤੀ ਤੁਹਾਡੀਆਂ ਨੀਤੀਆਂ ਦੀ ਆਲੋਚਨਾ ਕਰਦੇ ਹਨ। ਇੱਕ ਵਿਧਾਇਕ ਤੁਹਾਨੂੰ ਛੱਡ ਚੁੱਕਿਆ ਹੈ। ਅਜਿਹਾ ਕਿਉਂ?**

– ਸਾਡੀ ਪਾਰਟੀ ਸਵੈ-ਪੜਤਾਲ ਵਾਲੀ ਹੈ। ਜਿਵੇਂ-ਜਿਵੇਂ ਪਾਰਟੀ ਵਧੇਗੀ, ਕੁਝ ਲੋਕ ਨਵੇਂ ਰਲਣਗੇ, ਕੁਝ ਛੱਡਣਗੇ। ਕੁਝ ਲੋਕ ਆਏ ਅਤੇ ਪੁੱਛਿਆ ਕਿ ਉਨ੍ਹਾਂ ਨੂੰ ਕੀ ਮਿਲੇਗਾ? ਮੈਂ ਉਨ੍ਹਾਂ ਨੂੰ ਦੱਸਿਆ ਕਿ ਤੁਹਾਨੂੰ ਲਾਠੀਆਂ ਦਾ ਸਾਹਮਣਾ ਕਰਨਾ ਪਵੇਗਾ, ਜੇਲ੍ਹ ਜਾਣਾ ਪਵੇਗਾ ਅਤੇ ਆਪਣੇ ਪਰਿਵਾਰਾਂ ਨੂੰ ਵਿਸਾਰਨਾ ਪਵੇਗਾ। ਜੇ ਚਾਹੁੰਦੇ ਹੋ ਤਾਂ ਰਲ਼ ਜਾਵੋ।

ਬਿੰਨੀ ਦੀ ਮਿਸਾਲ ਲੈ ਲਵੋ। ਉਸ ਨੇ ਮੰਤਰੀ ਬਣਾਉਣ ਲਈ ਕਿਹਾ, ਫਿਰ ਲੋਕ ਸਭਾ ਦਾ ਟਿਕਟ ਮੰਗਿਆ। ਮੈਂ ਸਪਸ਼ਟ ਰੂਪ ਵਿੱਚ ਉਸ ਦੀਆਂ ਦੋਵੇਂ ਮੰਗਾਂ ਠੁਕਰਾ ਦਿੱਤੀਆਂ। ਉਹ ਛੱਡ ਗਿਆ ਅਤੇ ਉਸ ਨੂੰ ਰੋਕਿਆ ਵੀ ਨਹੀਂ। ਤਦ ਮੈਂ ਆਪਣੀ ਪਾਰਟੀ ਦੇ ਸਾਰੇ ਵਿਧਾਇਕਾਂ ਦੀ ਮੀਟਿੰਗ ਬੁਲਾਈ ਅਤੇ ਹਰ ਇੱਕ ਨੂੰ ਦੱਸ ਦਿੱਤਾ ਕਿ ਕਿਸੇ ਨੂੰ ਵੀ ਮੰਤਰੀਸ਼ਿਪ ਜਾਂ ਤਾਕਤ ਦੀ ਭੁੱਖ ਨਹੀਂ ਰੱਖਣੀ ਚਾਹੀਦੀ ਅਤੇ ਜੇ ਕਿਸੇ ਨੂੰ ਇਹ ਹੈ ਤਾਂ ਉਹ ਛੱਡ ਕੇ ਜਾ ਸਕਦਾ ਹੈ। ਜੇ ਮੇਰੀ ਸਰਕਾਰ ਡਿੱਗਦੀ ਵੀ ਹੈ ਤਾਂ ਵੀ ਮੈਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੋਵੇਗਾ। ਮੈਂ ਅਜਿਹੇ ਸਿਧਾਂਤਾਂ ਅਨੁਸਾਰ ਸਰਕਾਰ ਬਣਾਉਣ ਜਾਂ ਚਲਾਉਣ ਲਈ ਇੱਥੇ ਨਹੀਂ ਹਾਂ।

ਇੱਥੇ ਕੈਪਟਨ ਗੋਪੀਨਾਥ ਵਰਗੇ ਕੁਝ ਵਿਅਕਤੀ ਵੀ ਹਨ, ਜਿਨ੍ਹਾਂ ਨੇ ਪਾਰਟੀ ਦਾ 'ਵਿਜ਼ਨ ਡਾਕੂਮੈਂਟ' ਨਹੀਂ ਪੜ੍ਹਿਆ। ਇਸ ਵਿੱਚ ਸਪਸ਼ਟ ਦਿਸ਼ਾ-ਨਿਰਦੇਸ਼ ਹਨ। ਮਲਿਕਾ ਸਾਰਾਭਾਈ ਵੀ ਆਪਣੇ-ਆਪ ਆਈ ਸੀ ਅਤੇ ਆਪ ਹੀ ਚਲੀ ਗਈ। ਦਰਅਸਲ ਸਾਡੀ ਪਾਰਟੀ ਵਿੱਚ ਲਾਲਚੀ ਲੋਕਾਂ ਲਈ ਕੋਈ ਥਾਂ ਨਹੀਂ। ਮੈਂ ਜਾਣਦਾ ਹਾਂ ਕਿ ਕੁਝ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ ਵਿੱਚ 300-400 ਅਜਿਹੇ ਵਿਅਕਤੀਆਂ ਨੂੰ ਮੈਂਬਰ ਬਣਾਉਣ ਦੀ ਯੋਜਨਾ ਬਣਾ ਰਹੀਆਂ ਹਨ ਜਿਨ੍ਹਾਂ ਤੋਂ ਮਗਰੋਂ ਪਾਰਟੀ ਵਿਰੁੱਧ ਬਗ਼ਾਵਤ ਕਰਵਾਈ ਜਾ ਸਕੇ ਤਾਂ ਜੋ ਪਾਰਟੀ ਨੂੰ ਨਮੋਸ਼ੀ ਮਿਲੇ। ਇਹ ਭਾਜਪਾ ਅਤੇ ਕਾਂਗਰਸ ਦੋਵਾਂ ਦੀ ਮੀਡੀਆ ਦੇ ਕੁਝ ਹਿੱਸੇ ਨਾਲ ਮਿਲ ਕੇ ਸਾਨੂੰ ਬਦਨਾਮ ਕਰਨ ਦੀ ਯੋਜਨਾ ਹੈ। ਇਹ ਕਿਹਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਵਿੱਚ ਜਮਹੂਰੀਅਤ ਨਹੀਂ ਹੈ ਅਤੇ ਅਰਵਿੰਦ ਕੇਜਰੀਵਾਲ ਹੀ ਸਭ ਕੁਝ ਹੈ। ਭਾਜਪਾ ਵਿੱਚ ਇਸ ਤੋਂ ਕਿਤੇ ਜ਼ਿਆਦਾ ਅਸਹਿਮਤੀ ਹੈ, ਪਰ ਉਸ ਨੂੰ ਸਾਹਮਣੇ ਨਹੀਂ ਲਿਆਂਦਾ ਜਾ ਰਿਹਾ।

# ਸਿਆਸੀ ਪਹਿਲਕਦਮੀ



ਮੇਧਾ ਪਾਟਕਰ



ਐਚ. ਐਸ. ਫੂਲਕਾ



ਜਰਨੈਲ ਸਿੰਘ

ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਅੱਜ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਸੂਚੀ 'ਚ ਰਾਹੁਲ ਗਾਂਧੀ ਦੀ ਅਮੇਠੀ ਸੀਟ ਤੋਂ ਕੁਮਾਰ ਵਿਸ਼ਵਾਸ, ਕਪਿਲ ਸਿੱਬਲ ਦੇ ਹਲਕੇ ਚਾਂਦਨੀ ਚੌਕ ਤੋਂ ਪੱਤਰਕਾਰ ਆਸ਼ੂਤੋਸ਼, ਮਨੀਸ਼ ਤਿਵਾੜੀ ਦੇ ਹਲਕੇ ਲੁਧਿਆਣਾ ਤੋਂ ਐਚ.ਐਸ. ਫੂਲਕਾ ਅਤੇ ਸਮਾਜਿਕ ਕਾਰਕੁਨ ਮੇਧਾ ਪਾਟਕਰ ਨੂੰ ਉੱਤਰ ਪੂਰਬ ਮੁੰਬਈ ਤੋਂ ਚੋਣ ਲੜਾਉਣ ਦਾ ਐਲਾਨ ਕੀਤਾ ਗਿਆ ਹੈ।

'ਆਪ' ਆਗੂ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਦੇ ਦੋ ਦਿਨਾਂ ਅੰਦਰ ਪਾਰਟੀ ਨੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ 'ਚ ਦਿੱਲੀ ਦੀਆਂ ਦੋ, ਉੱਤਰ ਪ੍ਰਦੇਸ਼ ਦੀਆਂ 7, ਮਹਾਰਾਸ਼ਟਰ ਦੀਆਂ 6, ਪੰਜਾਬ, ਹਰਿਆਣਾ, ਉੜੀਸਾ, ਮੱਧ ਪ੍ਰਦੇਸ਼ ਅਤੇ ਅਰੁਣਾਚਲ ਪ੍ਰਦੇਸ਼ ਤੋਂ ਇਕ-ਇਕ ਸੀਟ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਆਮ ਆਦਮੀ ਪਾਰਟੀ ਵੱਲੋਂ ਐਲਾਨੀ ਗਈ ਸੂਚੀ 'ਚ ਯੋਗੇਂਦਰ ਯਾਦਵ ਦਾ ਵੀ ਨਾਂ ਹੈ ਜੋ ਹਰਿਆਣਾ ਦੇ ਗੁੜਗਾਉਂ ਹਲਕੇ ਤੋਂ ਚੁਣੌਤੀ ਪੇਸ਼ ਕਰਨਗੇ। ਪਾਰਟੀ ਨੇ ਪੱਤਰਕਾਰ ਰਹੇ ਮੁਕੁਲ ਤ੍ਰਿਪਾਠੀ ਨੂੰ ਕੇਂਦਰੀ ਮੰਤਰੀ ਸਲਮਾਨ ਖ਼ੁਰਸ਼ੀਦ ਦੇ ਹਲਕੇ ਫ਼ਰੂਖਾਬਾਦ (ਯੂਪੀ) ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ ਜਦਕਿ ਹਰਦੇਵ ਸਿੰਘ ਸਮਾਜਵਾਦੀ ਪਾਰਟੀ ਮੁਖੀ ਮੁਲਾਇਮ ਸਿੰਘ ਯਾਦਵ ਦੇ ਗੜ੍ਹ ਮੈਨਪੁਰੀ ਤੋਂ ਚੋਣ ਲੜਨਗੇ। ਆਮ ਆਦਮੀ ਪਾਰਟੀ ਨੇ ਭ੍ਰਿਸ਼ਟਾਚਾਰ ਵਿਰੋਧੀ ਕਾਰਕੁਨ ਅੰਜਲੀ ਦਮਾਨੀਆ ਨੂੰ ਭਾਜਪਾ ਦੇ ਸਾਬਕਾ ਪ੍ਰਧਾਨ ਨਿਤਿਨ ਗਡਕਰੀ ਦੇ ਹਲਕੇ ਨਾਗਪੁਰ ਤੋਂ ਟਿਕਟ ਦਿੱਤੀ ਹੈ। ਸੀਨੀਅਰ ਪਾਰਟੀ ਆਗੂ ਮਨੀਸ਼ ਸਿਸੋਦੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਸਾਡਾ ਮੁੱਖ ਮੰਤਵ ਸੰਸਦ 'ਚ ਇਮਾਨਦਾਰ ਲੋਕ ਭੇਜਣ ਦਾ ਹੈ। ਅਸੀਂ ਅਪਰਾਧੀਆਂ ਅਤੇ ਰਾਜਘਰਾਣੇ ਦੇ ਪਿਛੋਕੜ ਵਾਲੇ ਲੋਕਾਂ ਨੂੰ ਨਹੀਂ ਚੁਣਨਾ ਚਾਹੁੰਦੇ। ਅਸੀਂ ਛੇਤੀ ਹੀ ਹੋਰਨਾਂ ਸੀਟਾਂ ਲਈ ਉਮੀਦਵਾਰਾਂ ਦੀ ਸੂਚੀ ਵੀ ਜਾਰੀ ਕਰਾਂਗੇ।" ਦਿੱਲੀ 'ਚ ਸਿੱਖ ਦੰਗਿਆਂ ਦੇ ਵਿਰੋਧ 'ਚ ਕੇਂਦਰੀ ਮੰਤਰੀ ਪੀ ਚਿਦੰਬਰਮ 'ਤੇ ਜੁੱਤਾ ਸੁੱਟਣ ਵਾਲੇ ਪੱਤਰਕਾਰ ਜਰਨੈਲ ਸਿੰਘ ਨੂੰ ਆਮ ਆਦਮੀ ਪਾਰਟੀ ਨੇ ਪੱਛਮੀ ਦਿੱਲੀ ਸੀਟ ਤੋਂ ਉਮੀਦਵਾਰ ਬਣਾਇਆ ਹੈ। ਇਸ ਸੀਟ ਤੋਂ ਕਾਂਗਰਸ ਦੇ ਮਹਾਬਲ ਮਿਸ਼ਰਾ ਸੰਸਦ ਮੈਂਬਰ ਹਨ।

'ਆਪ' ਦੀ ਸੂਚੀ 'ਚ ਕਿਸਾਨ ਆਗੂ ਸੋਮੇਂਦਰ ਢਾਕਾ ਦਾ ਨਾਂ ਵੀ ਸ਼ਾਮਲ ਹੈ ਜੋ ਉੱਤਰ ਪ੍ਰਦੇਸ਼ ਦੇ ਬਾਗਪਤ ਹਲਕੇ ਤੋਂ ਚੋਣ ਲੜਨਗੇ। ਇਸ ਸਮੇਂ ਰਾਸ਼ਟਰੀ ਲੋਕ ਦਲ ਦੇ ਮੁਖੀ ਅਤੇ ਕੇਂਦਰੀ ਮੰਤਰੀ ਅਜੀਤ ਸਿੰਘ ਬਾਗਪਤ ਤੋਂ ਸੰਸਦ ਮੈਂਬਰ ਹਨ। ਆਰਬੀਐਸ ਇੰਡੀਆ ਦੀ ਸਾਬਕਾ ਚੇਅਰਪਰਸਨ ਅਤੇ ਸੀਈਓ ਮੀਰਾ ਸਾਨਿਆਲ ਦੱਖਣੀ ਮੁੰਬਈ ਤੋਂ ਉਮੀਦਵਾਰ ਹੋਣਗੇ। ਇਸ ਹਲਕੇ ਤੋਂ ਮਿਲਿੰਦ ਦਿਓੜਾ ਸੰਸਦ ਮੈਂਬਰ ਹਨ। ਆਮ ਆਦਮੀ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਅੱਜ ਸਵੇਰੇ ਮੀਟਿੰਗ ਹੋਈ, ਜਿਸ 'ਚ ਲੋਕ ਸਭਾ ਚੋਣਾਂ 'ਚ ਉਮੀਦਵਾਰ ਉਤਾਰਨ ਦੀ ਪਹਿਲੀ ਸੂਚੀ ਤਿਆਰ ਕੀਤੀ ਗਈ।

**ਕੀ ਤੁਹਾਡੀ ਸਰਕਾਰ ਆਪਣੀ ਮਿਆਦ ਪੂਰੀ ਕਰ ਸਕੇਗੀ?**

– ਅਸੀਂ ਉਸ ਦੀ ਚਿੰਤਾ ਨਹੀਂ ਕਰਦੇ।

**ਇਹ ਲੱਗਦਾ ਹੈ ਕਿ ਤੁਸੀਂ ਟਕਰਾਅ ਦੇ ਮੰਤਵ ਵਿੱਚ ਹੋ ਇਸ ਲਈ ਤੁਹਾਡੀ ਸਰਕਾਰ ਵਿੱਚੋਂ ਸਮਰਥਨ ਵਾਪਸ ਲਿਆ ਜਾ ਰਿਹਾ ਹੈ ਤਾਂ ਕਿ ਜਦੋਂ ਦੁਬਾਰਾ ਚੋਣਾ ਹੋਣ ਤੇ ਤੁਹਾਡੀ ਪਾਰਟੀ ਪੂਰਨ ਜਿੱਤ ਪ੍ਰਾਪਤ ਕਰ ਸਕੇ?**

– ਨਹੀਂ ਇਹ ਸਭ ਮੀਡੀਆ ਦੀਆਂ ਫੈਲਾਈਆਂ ਖ਼ਬਰਾਂ ਹਨ। ਅਸੀਂ ਇਸ ਗੱਲ ਤੋਂ ਨਹੀਂ ਕੇ ਘਬਰਾਉਂਦੇ ਕਿ ਸਾਡੀ ਸਰਕਾਰ ਕਦੋਂ ਸੱਤਾ ਵਿੱਚ ਹੈ। ਅਸੀਂ ਸਿਰਫ਼ ਲੋਕਾਂ ਦੀ ਭਲਾਈ ਬਾਰੇ ਚਿੰਤਤ ਹਾਂ। ਜੇ ਸਾਡੀ ਸਰਕਾਰ ਅਸਫ਼ਲ ਹੁੰਦੀ ਹੈ ਤਾਂ ਚੋਣਾਂ ਦੁਬਾਰਾ ਹੋਣਗੀਆਂ। ਜੇ ਅਸੀਂ ਦੁਬਾਰਾ ਚੁਣੇ ਜਾਂਦੇ ਹਾਂ ਤਾਂ ਅਸੀਂ ਸਰਕਾਰ ਬਣਾਵਾਂਗੇ ਅਤੇ ਸਰਕਾਰ ਨੂੰ ਚਲਾਵਾਂਗੇ। ਜੇ ਲੋਕ ਸਾਨੂੰ ਦੁਬਾਰਾ ਨਹੀਂ ਚੁਣਨਾ ਚਾਹੁੰਦੇ ਤਾਂ ਅਸੀਂ ਆਪੋ-ਆਪਣੇ ਘਰਾਂ ਵਿੱਚ ਬੈਠ ਜਾਵਾਂਗੇ।

**ਤੁਸੀਂ ਕਿਹਾ ਸੀ ਕਿ ਤੁਹਾਡੀ ਪਾਰਟੀ ਆਮ ਚੋਣਾਂ ਵਿੱਚ ਕਾਫ਼ੀ ਸੀਟਾਂ ਉਪਰ ਚੋਣਾਂ ਲੜੇਗੀ, ਇਨ੍ਹਾਂ ਚੋਣਾਂ ਦਾ ਮੁੱਖ ਮੁੱਦਾ ਕੀ ਹੋਵੇਗਾ?**

– ਮੈਂ ਸੋਚਦਾਂ ਹਾਂ ਕਿ ਭ੍ਰਿਸ਼ਟਾਚਾਰ ਅਹਿਮ ਮੁੱਦਾ ਹੈ, ਅਸਲ ਵਿੱਚ ਇਹੀ ਮੁੱਖ ਮੁੱਦਾ ਬਣਨਾ ਚਾਹੀਦਾ ਹੈ।

**ਕਿੰਨੀਆਂ ਸੀਟਾਂ ਉਪਰ ਤੁਹਾਡੀ ਪਾਰਟੀ ਚੋਣਾਂ ਲੜਨ ਲਈ ਯੋਜਨਾ ਬਣਾ ਰਹੀ ਹੈ?**

– ਅਸੀਂ ਉਨ੍ਹਾਂ ਸਾਰੀਆਂ ਸੀਟਾਂ ਤੋਂ ਚੋਣਾਂ ਲੜਾਂਗੇ ਜਿਨ੍ਹਾਂ ਉਪਰੋਂ ਦੂਜੀਆਂ ਪਾਰਟੀਆਂ ਦੀ ਭ੍ਰਿਸ਼ਟ, ਅਪਰਾਧੀ, ਫ਼ਿਰਕੂ ਅਤੇ ਖਾਨਦਾਨੀ ਤਰ੍ਹਾਂ ਦੇ ਰਾਜਨੀਤਕ ਲੋਕਾਂ ਨੂੰ ਸੱਤਾ ਤੋਂ ਬਾਹਰ ਕਰਨਾ ਹੈ। ਅਸੀਂ ਉਨ੍ਹਾਂ ਸੀਟਾਂ ਉਪਰ ਚੰਗੇ ਵਿਅਕਤੀ ਖੜ੍ਹੇ ਕਰਾਂਗੇ ਅਤੇ ਲੋਕਾਂ ਨੂੰ ਦੱਸਾਂਗੇ ਕਿ ਪਹਿਲਾਂ ਤੁਹਾਡੇ ਕੋਲ ਕੋਈ ਵਿਕਲਪ ਨਹੀਂ ਸੀ ਪਰ ਹੁਣ ਤੁਹਾਡੇ ਕੋਲ ਇਹ ਵਿਕਲਪ ਹੈ ਤੇ ਤੁਸੀਂ ਹੁਣ ਇਮਾਨਦਾਰ ਅਤੇ ਸਾਫ਼ ਲੋਕਾਂ ਨੂੰ ਚੁਣ ਸਕਦੇ ਹੋ। ਅਸਲ ਵਿੱਚ ਇਹ ਮੇਰੀਆਂ ਨਹੀਂ ਲੋਕਾਂ ਦੀਆਂ ਚੋਣਾਂ ਹਨ।

**ਕੀ ਤੁਸੀਂ ਚੋਣ ਪ੍ਰਣਾਲੀ ਵਿੱਚ ਸੁਧਾਰ ਚਾਹੁੰਦੇ ਹੋ? ਚੋਣਾਂ ਵਿੱਚ ਸਭ ਤੋਂ ਅਹਿਮ ਲੱਗਣ ਵਾਲਾ ਪੈਸਾ ਹੈ। ਇਸ ਨੂੰ ਕੰਟਰੋਲ ਕਰਨ ਲਈ ਕੀ ਕਰਨਾ ਹੋਵੇਗਾ?**

– ਅਸਲ ਵਿੱਚ ਬਹੁਤ ਕੁਝ ਕਰਨ ਦੀ ਲੋੜ ਹੈ। ਚੋਣ ਪ੍ਰਣਾਲੀ ਦਾ ਸੁਧਾਰ ਵੱਡਾ ਮੁੱਦਾ ਹੈ। ਇੱਥੋਂ ਹੀ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਹੁੰਦੀ ਹੈ। ਇਸ ਵਿੱਚ ਪੂਰਨ ਪਾਰਦਰਸ਼ਤਾ ਦੀ ਜ਼ਰੂਰਤ ਹੈ। ਮੋਦੀ ਦੀ ਰੈਲੀ ਵਿੱਚ ਬਹੁਤ ਵੱਡੀ ਪੱਧਰ ਉੱਤੇ ਪੈਸਾ ਖ਼ਰਚਿਆ ਜਾਂਦਾ ਹੈ। ਲੋਕਾਂ ਨੇ ਮੈਨੂੰ ਦੱਸਿਆ ਕਿ ਮੁਕੇਸ਼ ਅੰਬਾਨੀ ਮੋਦੀ ਨੂੰ ਸਹਾਇਤਾ ਦੇ ਰਿਹਾ ਹੈ। ਅਦਾਨੀ ਵੀ ਮੋਦੀ ਨਾਲ ਹੈ। ਸਾਨੂੰ ਲੋੜ ਹੈ ਇਹ ਜਾਨਣ ਦੀ ਕਿ ਰੈਲੀਆਂ ਪਿੱਛੇ ਅਸਲੀਅਤ ਕੀ ਹੈ? ਇਸ ਲਈ ਪੈਸਾ ਕਿੱਥੋਂ ਆ ਰਿਹਾ ਹੈ? ਰਾਹੁਲ ਗਾਂਧੀ ਦੀਆਂ ਰੈਲੀਆਂ ਉਪਰ ਵੀ ਇਹੋ ਜਿਹਾ ਖ਼ਰਚ ਹੁੰਦਾ ਹੈ। ਉਹ ਤਾਂ ਘੁੰਮਦੇ ਵੀ ਜਹਾਜ਼ਾਂ ਵਿੱਚ ਹਨ ਜਦਕਿ ਅਸੀਂ ਤਾਂ ਆਪਣੀ ਕਾਰ ਵਿੱਚ ਪੈਟਰੋਲ ਵੀ ਮੁਸ਼ਕਲ ਨਾਲ ਪਵਾਉਂਦੇ ਹਾਂ। ਲੋਕਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਇੰਨੀ ਵੱਡੀ ਰਕਮ ਕਿੱਥੋਂ ਆਉਂਦੀ ਹੈ?

**ਕੀ ਤੁਸੀਂ ਸੋਚਦੇ ਹੋ ਕਿ ਇਸ ਨਾਲ ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਆਵੇਗੀ?**

– ਹਾਂ, ਬਿਲਕੁਲ। ਪਾਰਟੀਆਂ ਵੱਲੋਂ ਉਨ੍ਹਾਂ ਦੇ ਫੰਡਾਂ ਬਾਰੇ ਪੂਰੀ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਸਾਡੇ ਵਾਲੇ ਤਰੀਕੇ ਅਪਣਾਉਣੇ ਚਾਹੀਦੇ ਹਨ। ਅਸੀਂ ਆਪਣੇ ਤਜਰਬੇ ਵੈੱਬਸਾਈਟ ਉੱਤੇ ਪਾਏ ਹੋਏ ਹਨ। ਸਾਡੇ ਕੋਲ ਇੱਕ-ਇੱਕ ਪੈਸੇ ਦਾ ਹਿਸਾਬ ਹੈ। ਜੇ ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਹੈ ਤਾਂ ਪੈਸੇ ਦਾ ਸਹਾਰਾ ਲੈਣ ਵਾਲੀਆਂ ਪਾਰਟੀਆਂ ਆਪਣੇ-ਆਪ ਪਿੱਛੇ ਹਟ ਜਾਣਗੀਆਂ।

**ਤੁਸੀਂ ਬਹੁਤ ਸਾਰੇ ਰਾਜਨੀਤਕ ਲੋਕਾਂ ਉਪਰ ਦੋਸ਼ ਲਾਏ ਹਨ ਜਿਨ੍ਹਾਂ ਵਿੱਚ ਮੋਦੀ ਅਤੇ ਸੋਨੀਆ ਸ਼ਾਮਲ ਹਨ ਤੇ ਕਿਹਾ ਹੈ ਕਿ ਉਹ ਦੋਸ਼ੀ ਹਨ ਪਰ ਤੁਹਾਡੀ ਤੱਥ ਨਾ ਪੇਸ਼ ਕਰਨ ਲਈ ਆਲੋਚਨਾ ਵੀ ਹੋ ਰਹੀ ਹੈ। ਕੀ ਤੁਸੀਂ ਹੁਣ ਉਹ ਪੇਸ਼ ਕਰੋਗੇ?**

– ਨਹੀਂ, ਇਹ ਸਭ ਮੈਂ ਆਪਣੇ ਆਪ ਨਹੀਂ ਕਿਹਾ, ਇਹ ਸਭ ਮੀਡੀਆ ਦਾ ਕਹਿਣਾ ਹੈ। ਅਸਲ ਵਿੱਚ ਤੁਸੀਂ ਹੀ ਉਨ੍ਹਾਂ ਲੋਕਾਂ ਬਾਰੇ ਆਰਟੀਕਲ ਛਾਪਦੇ ਹੋ। ਅਸੀਂ ਤਾਂ ਉਨ੍ਹਾਂ ਦਾ ਸਮਰਥਨ ਕਰਦੇ ਹਾਂ। ਤੁਸੀਂ ਗੂਗਲ ਉੱਤੇ ਸਰਚ ਕਰੋ ਤੇ ਤੁਸੀਂ ਦੇਖੋਗੇ ਕਿ ਉਨ੍ਹਾਂ ਖ਼ਿਲਾਫ਼ ਦਸ ਲੇਖ ਮਿਲ ਜਾਣਗੇ।

**ਕੀ ਤੁਸੀਂ ਆਪਣੇ-ਆਪ ਨੂੰ ਕਾਫ਼ੀ ਅੱਗੇ ਨਹੀਂ ਸਮਝ ਰਹੇ? ਇੰਨੇ ਘੱਟ ਸਮੇਂ ਵਿੱਚ ਤੁਸੀਂ ਇੱਕ ਪੂਰਾ ਅੰਦੋਲਨ ਤਿਆਰ ਕਰਨ ਦਾ ਯਤਨ ਕਰ ਰਹੇ ਹੋ?**


– ਜੇ ਇਹ ਮੇਰੀ ਚੋਣ ਹੈ ਤਾਂ ਅਜਿਹਾ ਹੀ ਹੈ ਪਰ ਜੇ ਇਹ ਲੋਕਾਂ ਦੀ ਚੋਣ ਹੈ ਤਾਂ ਇਹ ਰਾਜਨੀਤਕ ਤੂਫ਼ਾਨ ਸਮਾਨ ਹੈ ਅਤੇ ਆਮ ਆਦਮੀ ਉਮੀਦਵਾਰ ਵਜੋਂ ਖੜ੍ਹਾ ਹੈ। ਇਹ ਆਪਣੇ-ਆਪ ਨੂੰ ਜ਼ਿਆਦਾ ਮੰਨਣਾ ਨਹੀਂ ਹੈ। ਸਾਡੇ ਆਪਣੇ ਉਮੀਦਵਾਰ ਨਹੀਂ ਹਨ। ਅਸੀਂ ਲੋਕਾਂ ਵਿੱਚੋਂ ਚੰਗੇ ਲੋਕਾਂ ਨੂੰ ਖੜ੍ਹਾ ਕਰਾਂਗੇ। ਤੁਸੀਂ ਦਿੱਲੀ ਤੋਂ ਜਿੱਤੇ ਸਾਡੇ ਉਮੀਦਵਾਰਾਂ ਨੂੰ ਤਾਂ ਜਾਣਦੇ ਹੀ ਹੋਵੋਗੇ। ਉਹ ਸਧਾਰਨ ਲੋਕ ਹਨ। ਕੋਈ ਉਨ੍ਹਾਂ ਨੂੰ ਨਹੀਂ ਜਾਣਦਾ। ਜਿਵੇਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਸਾਡੇ ਉਮੀਦਵਾਰ ਚੁਣੇ ਗਏ ਸਨ, ਇਵੇਂ ਹੀ ਆਮ ਚੋਣਾਂ ਵਿੱਚ ਦੂਜੇ ਚੋਣ ਖੇਤਰਾਂ ਤੋਂ ਸਾਡੇ ਉਮੀਦਵਾਰ ਚੁਣੇ ਜਾਣਗੇ। ਆਮ ਆਦਮੀ ਪਾਰਟੀ ਸਿਰਫ਼ ਇੱਕ ਸਾਧਨ ਹੈ।

**ਕੀ ਤੁਸੀਂ ਆਪਣੇ ਬਿਆਨਾਂ ਦੇ ਪਿੱਛੇ ਦੇ ਤੱਥ ਪੇਸ਼ ਨਹੀਂ ਕਰੋਗੇ?**

– ਮੈਂ ਉਸ ਲਈ ਕੋਸ਼ਿਸ਼ ਨਹੀਂ ਕਰ ਰਿਹਾ। ਪਿਛਲੇ ਸਾਲ ਜਦੋਂ ਮੈਂ ਧਰਨੇ ਉਪਰ ਬੈਠਾ ਸੀ ਤਾਂ ਉਦੋਂ ਅਸੀਂ ਤੱਥਾਂ ਉਪਰ ਅਧਾਰਿਤ 15 ਮੰਤਰੀਆਂ ਦੇ ਨਾਂ ਸਾਹਮਣੇ ਲਿਆਂਦੇ ਸਨ ਪਰ ਇਸ ਵਾਰ ਅਸੀਂ ਪਿਛਲੀਆਂ ਰਿਪੋਰਟਾਂ ਦੇ ਆਧਾਰ ’ਤੇ ਹੀ ਉਨ੍ਹਾਂ ਨੂੰ ਦੋਸ਼ੀ ਹੋਣ ਕਰਕੇ ਉਨ੍ਹਾਂ ਦੇ ਨਾਂ ਦਿੱਤੇ ਹਨ। ਅਸੀਂ ਉਨ੍ਹਾਂ ਨੂੰ ਹਰਾਉਣਾ ਹੈ। ਇਹ ਰਾਜਨੀਤਕ ਲੜਾਈ ਹੈ। ਇਹ ਸਭ ਲੋਕਾਂ ਉਪਰ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਭ੍ਰਿਸ਼ਟਾਚਾਰੀਆਂ ਨੂੰ ਹਰਾਉਣਾ ਚਾਹੁੰਦੇ ਹਨ ਜਾਂ ਨਹੀਂ?

**ਤੁਹਾਡੀ ਪਾਰਟੀ ਦੀ ਬਹੁਤ ਆਲੋਚਨਾ ਹੋਈ ਕਿ ਇਹ ਪ੍ਰਮੁੱਖ ਲੋਕਾਂ ਉਪਰ ਬਿਨਾਂ ਕਿਸੇ ਸਬੂਤ ਦੇ ਇਲਜ਼ਾਮ ਲਗਾ ਰਹੀ ਹੈ। ਮਿਸਾਲ ਲਈ ਤੁਹਾਡੀ ਪਾਰਟੀ ਦੇ ਸਾਥੀ ਨੇ ਦੋਸ਼ ਲਾਇਆ ਸੀ ਕਿ ਦਿੱਲੀ ਦੇ ਉਪ ਰਾਜਪਾਲ ਉਪਰ ਦਿੱਲੀ ਦੀ ਕਾਂਗਰਸ ਨਾਲ ਮਿਲੀਭੁਗਤ ਸੀ। ਇਸ ਗੰਭੀਰ ਦੋਸ਼ ਦਾ ਤੁਹਾਡੇ ਕੋਲ ਕੀ ਸਬੂਤ ਹੈ?**

– ਅਸੀਂ ਪਿਛਲੇ 10-15 ਦਿਨਾਂ ਤੋਂ ਦੇਖ ਰਹੇ ਸੀ ਕਿ ਬਹੁਤ ਸਾਰੀਆਂ ਗੱਲਾਂ ਉਪ ਰਾਜਪਾਲ ਦੇ ਦਫ਼ਤਰ ਤੋਂ ਬਾਹਰ ਜਾ ਰਹੀਆਂ ਸਨ ਜਿਨ੍ਹਾਂ ਨੇ ਸਾਡਾ ਸ਼ੱਕ ਵਧਾਇਆ। ਮਿਸਾਲ ਦੇ ਤੌਰ ’ਤੇ ਮੈਂ ਉਪ ਰਾਜਪਾਲ ਨੂੰ ਮਿਲਣ ਗਿਆ ਸੀ। ਇਸ ਵਿੱਚ ਵੀ ਏਜੰਡਾ ਸੀ ਪਰ ਇਹ ਸਾਰੀ


ARVIND KEJRIWAL
CHIEF MINISTER

GOVT. OF NATIONAL CAPITAL TERRITORY OF DELHI

To

The President of India,
Rashtrapati Bhawan,
New Delhi.

(Through : Hon'ble Lieutenant Governor of Delhi)

Dear Sir,

The Council of Ministers met this evening and decided to tender its resignation.

The Council also recommends dissolution of Delhi Assembly and immediate conduct of elections to the Delhi Legislative Assembly.

The same may kindly be accepted.

Yours Sincerely,

(Arvind Kejriwal)

Copy to:

Sh. Najeeb Jung, Lieutenant Governor of Delhi, Raj Niwas, Delhi



ਜਾਣਕਾਰੀ ਪਹਿਲੀ ਸ਼ਾਮ ਨੂੰ ਹੀ ਮੀਡੀਆ ਤਕ ਪਹੁੰਚ ਗਈ। ਇਸ ਲਈ ਇਹ ਮੀਟਿੰਗ ਬੇਅਰਥ ਹੀ ਰਹੀ। ਕੀ ਮੈਨੂੰ ਜਵਾਬ ਮੀਡੀਆ ਰਾਹੀਂ ਹੀ ਦੇਣਾ ਚਾਹੀਦਾ ਹੈ? ਇਹ ਮੁੱਖ ਮੰਤਰੀ ਅਤੇ ਉਪ ਗਵਰਨਰ ਵਿਚਕਾਰ ਸੰਭਵ ਨਹੀਂ। ਇਵੇਂ ਕਰਨਾ ਸ਼ੱਕ ਵਧਾਉਂਦਾ ਹੈ ਪਰ ਮੇਰੇ ਪਾਰਟੀ ਸਾਥੀਆਂ ਨੂੰ ਇਸ ਭਾਸ਼ਾ ਤੋਂ ਪਰਹੇਜ਼ ਕਰਨਾ ਚਾਹੀਦਾ ਸੀ ਜਿਵੇਂ ਤੁਸੀਂ ਦੱਸਿਆ ਹੈ।

**ਕੀ ਤੁਹਾਡੀਆਂ ਅਤੇ ਉਪ ਰਾਜਪਾਲ ਦੀਆਂ ਮਿਲਣੀਆਂ ਪਾਰਦਰਸ਼ੀ ਨਹੀਂ ਹੋਣੀਆਂ ਚਾਹੀਦੀਆਂ? ਕਾਰਵਾਈ ਵਿੱਚ ਪਾਰਦਰਸ਼ਤਾ ਦੀ ਤਾਂ ਤੁਹਾਡੀ ਪਾਰਟੀ ਵਕਾਲਤ ਕਰਦੀ ਹੈ?**

– ਪਾਰਦਰਸ਼ਤਾ ਅਤੇ ਜਾਣ-ਬੁੱਝ ਕੇ ਜਾਣਕਾਰੀ ਦਾ ਕੁਝ ਹਿੱਸਾ ਦੱਸ ਦੇਣ ਇਸ ਵਿੱਚ ਫ਼ਰਕ ਹੁੰਦਾ ਹੈ। ਮੈਂ ਅੱਜ ਇੱਕ ਪੱਤਰ ਲਿਖਿਆ ਹੈ। ਉਸ ਦੇ ਅਖੀਰ ਵਿੱਚ ਕਿਹਾ ਹੈ ਕਿ ਮੈਂ ਇਸ ਪੱਤਰ ਦਾ ਖੁਲਾਸਾ ਨਹੀਂ ਕਰ ਰਿਹਾ ਬਲਕਿ ਇਸ ਨੂੰ ਸਰਕਾਰੀ ਤੌਰ ’ਤੇ ਰਿਲੀਜ ਕਰ ਰਿਹਾ ਹਾਂ ਕਿਉਂਕਿ ਇਹ ਮੁੱਦੇ ਅਸੀਂ ਮੀਡੀਆ ਰਾਹੀਂ ਉਠਾ ਚੁੱਕੇ ਹਾਂ। ਉਪ ਰਾਜਪਾਲ ਨੂੰ ਇਸ ਮੰਤਵ ਲਈ ਪ੍ਰੈੱਸ ਕਾਨਫਰੰਸ ਬੁਲਾਉਣੀ ਚਾਹੀਦੀ ਸੀ ਅਤੇ ਕਹਿਣਾ ਚਾਹੀਦਾ ਸੀ, “ਦੇਖੋ ਮੈਨੂੰ ਇਹ ਪੱਤਰ ਪ੍ਰਾਪਤ ਹੋਇਆ ਹੈ ਜੋ ਮੈਂ ਤੁਹਾਨੂੰ ਦੇ ਰਿਹਾ ਹਾਂ।” ਅਤੇ ਇਸ ਦਾ ਚੋਣਵਾਂ ਹਿੱਸਾ ਲੀਕ ਨਹੀਂ ਸੀ ਕੀਤਾ ਜਾਣਾ ਚਾਹੀਦਾ।

ਇਸ ਦੀ ਇੱਕ ਹੋਰ ਮਿਸਾਲ ਦਿੱਲੀ ਦੇ ਔਰਤਾਂ ਸਬੰਧੀ ਕਮਿਸ਼ਨ ਦੀ ਨਿਯੁਕਤੀ ਦੀ ਹੈ, ਜੋ ਹੋਣੀ ਚਾਹੀਦੀ ਸੀ। ਫਾਈਲ ਉਪ ਰਾਜਪਾਲ ਦੇ ਦਫ਼ਤਰ ਪਹੁੰਚ ਗਈ ਅਤੇ ਉਸੇ ਸ਼ਾਮ ਨੂੰ ਖ਼ਬਰ ਸੀ ਜਿਸ ਵਿੱਚ ਰਾਜਪਾਲ ਉਸ ਫਾਈਲ ਦੇ ਉਪਰ ਇਤਰਾਜ਼ ਜ਼ਾਹਰ ਕਰ ਰਿਹਾ ਸੀ। ਮੇਰੇ ਦਫ਼ਤਰ ਵੱਲੋਂ ਜਦੋਂ ਉਪ ਰਾਜਪਾਲ ਦੇ ਦਫ਼ਤਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ, “ਤੁਸੀਂ ਚਿੰਤਾ ਨਾ ਕਰੋ ਉਪ ਰਾਜਪਾਲ ਇੱਥੇ ਨਹੀਂ ਹਨ ਅਤੇ ਉਹ ਫਾਈਲ ਉਪਰ ਇਸ ਤਰ੍ਹਾਂ ਦਾ ਕੁਝ ਨਹੀਂ ਲਿਖਣਗੇ।” ਅਗਲੇ ਦਿਨ ਉਪ ਰਾਜਪਾਲ ਨੇ ਉਹ ਗੱਲ ਹੀ ਫਾਈਲ ਉਪਰ ਲਿਖੀ ਜੋ ਇੱਕ ਦਿਨ ਪਹਿਲਾਂ ਮੀਡੀਆ ਵਿੱਚ ਸੀ। ਇੱਥੇ ਇਹ ਸਵਾਲ ਉਠਦਾ ਹੈ ਕਿ ਇਨ੍ਹਾਂ ਚੈਨਲਾਂ ਵਾਲਿਆਂ ਨੂੰ ਉਪ ਰਾਜਪਾਲ ਦੇ ਮਨ ਦੀ ਗੱਲ ਕਿਵੇਂ ਪਤਾ ਲੱਗੀ? ਇਹ ਪਾਰਦਰਸ਼ਤਾ ਨਹੀਂ ਸਗੋਂ ਕੀਤਾ ਗਿਆ ਇੱਕ ਖੁਲਾਸਾ ਹੈ।

**ਤੁਹਾਡੀ ਸੋਚ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਿਸ ਨੇ ਕੀਤਾ? ਤੁਹਾਡਾ ਆਦਰਸ਼ ਕੌਣ ਹੈ?**

– ਗਾਂਧੀ ਜੀ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਸੱਚ ਬੋਲਣ ਉਪਰ ਜ਼ੋਰ ਦਿੰਦੇ ਸਨ। ਮੈਨੂੰ ਪਿਛਲੇ ਦੋ-ਤਿੰਨ ਸਾਲ ਤੋਂ ਅਹਿਸਾਸ ਹੋਇਆ ਕਿ ਅਸੀਂ ਆਮ ਲੋਕ ਹਾਂ। ਨਾ ਤਾਂ ਸਾਡੇ ਕੋਲ ਪੈਸਾ ਹੈ, ਨਾ ਸ਼ਕਤੀ ਪਰ ਕੁਝ ਸ਼ਰਾਰਤੀ ਸੋਚ ਵਾਲੇ ਸਾਡੇ ਵਿਰੁੱਧ ਸਾਜ਼ਿਸ਼ਾਂ ਘੜ ਰਹੇ ਹਨ ਜੋ ਸਾਡੇ ਲਈ ਘਾਤਕ ਹਨ। ਇਸ ਲਈ ਸਾਨੂੰ ਸੱਚ ਬੋਲਣਾ ਅਤੇ ਹਮੇਸ਼ਾਂ ਸੱਚ ਅਤੇ ਇਮਾਨਦਾਰੀ ਨਾਲ ਇਸ ਦਾ ਪੱਖ ਲੈਣਾ ਚਾਹੀਦਾ ਹੈ।

**ਗਾਂਧੀ ਜੀ ਵਾਂਗ ਕੀ ਤੁਸੀਂ ਹਿੰਸਕ ਕ੍ਰਾਂਤੀ ਦੇ ਵਿਰੁੱਧ ਹੋ?**

– ਅਸੀਂ ਸਾਰੇ ਪਾਰਟੀ ਸਾਥੀ ਇਸ ਹਿੰਸਾ ਦੇ ਵਿਰੋਧੀ ਹਾਂ ਅਤੇ ਅਸੀਂ ਸ਼ਾਂਤੀ ਪਸੰਦ ਲੋਕ ਹਾਂ। ਹਿੰਸਕ ਮੁਹਿੰਮ ਕਦੇ ਵੱਡੇ ਪੱਧਰ ’ਤੇ ਨਹੀਂ ਜਾ ਸਕਦੀ। ਹਿੰਸਾ ਦੇ ਵਰਤਾਰੇ ਤੋਂ ਬਹੁਤ ਥੋੜ੍ਹੇ ਲੋਕਾਂ ਨੂੰ ਲਾਭ ਹੁੰਦਾ ਹੈ। ਇੱਕ ਵਾਰ ਜੇ ਇਹ ਹਿੰਸਕ ਵਿਅਕਤੀ ਸ਼ਕਤੀ ਲੈ ਲੈਣ ਤਾਂ ਉਹ ਸਮੱਸਿਆ ਬਣ ਜਾਂਦੇ ਹਨ।

**ਹਿਸਾਰ ਰਹਿੰਦੇ ਸਮੇਂ ਦੇ ਤੁਹਾਡੇ ਤੇ ਪਏ ਪ੍ਰਭਾਵਾਂ ਬਾਰੇ ਤੁਸੀਂ ਕੀ ਕਹੋਗੇ?**

– ਬਾਰ੍ਹਵੀਂ ਜਮਾਤ ਤਕ ਮੇਰਾ ਪੂਰਾ ਧਿਆਨ ਪੜ੍ਹਾਈ ਵੱਲ ਸੀ। ਮੇਰੇ ਉਪਰ ਕਲਾਸ ਵਿੱਚੋਂ ਪਹਿਲੇ ਨੰਬਰ ਉਪਰ ਆਉਣ ਦਾ ਬੋਝ ਬਣਿਆ ਰਹਿੰਦਾ ਸੀ। ਨਾ ਤਾਂ ਮੈਂ ਖੇਡਾਂ ਵਿੱਚ ਬਹੁਤਾ ਚੰਗਾ ਸੀ ਅਤੇ ਨਾ ਹੀ ਸੱਭਿਆਚਾਰਕ ਗਤੀਵਿਧੀਆਂ ਵਿੱਚ ਨਿਪੁੰਨ ਸੀ। ਜਦੋਂ ਆਈ.ਆਈ.ਟੀ. ਵਿੱਚ ਦਾਖ਼ਲਾ ਲਿਆ ਤਾਂ ਮੈਨੂੰ ਵੱਖ-ਵੱਖ ਚੀਜ਼ਾਂ ਕਰਨ ਨੂੰ ਮਿਲੀਆਂ। ਅਸਲ ਵਿੱਚ ਮੈਂ ਇੱਥੇ ਸਭ ਕੁਝ ਕੀਤਾ ਪਰ ਪੜ੍ਹਾਈ ਵੀ ਕੀਤੀ। ਆਈ.ਆਈ.ਟੀ. ਦੀ ਪੜ੍ਹਾਈ ਨੇ ਮੈਨੂੰ ਬਹੁਤ ਕੁਝ ਸਿਖਾਇਆ।

**ਅਖੀਰ ਵਿੱਚ ਅਰਵਿੰਦ ਕੇਜਰੀਵਾਲ ਨੂੰ ਇੰਨਾ ਗੁੱਸਾ ਕਿਉਂ ਆਉਂਦਾ ਹੈ? ਤੁਸੀਂ ਹਮੇਸ਼ਾਂ ਗੁੱਸੇ ਵਿੱਚ ਕਿਉਂ ਰਹਿੰਦੇ ਹੋ?**

– ਅਸੀਂ ਇਸ ਗਲਤ ਅਤੇ ਭ੍ਰਿਸ਼ਟ ਸਮਾਜ ਦੇ ਵਿਰੁੱਧ ਹਾਂ, ਕਿਸੇ ਵਿਅਕਤੀ ਵਿਸ਼ੇਸ਼ ਦੇ ਨਹੀਂ। ਮੇਰੀ ਰਾਹੁਲ ਗਾਂਧੀ ਜਾਂ ਨਰਿੰਦਰ ਮੋਦੀ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਸਾਨੂੰ ਇਸ ਪ੍ਰਚੱਲਤ ਢਾਂਚੇ ਨੂੰ ਬਦਲਣ ਦੀ ਲੋੜ ਹੈ।


(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)




ਰਾਜਨੀਤਕ ਸੋਚ

# ਰਾਜਨੀਤੀ ਦੇ ਸਰੋਕਾਰਾਂ ਵਿਚ ਨਵੀਂ ਤਬਦੀਲੀ ਦੀ ਅਗਾਜ਼

**ਕਰਮਜੀਤ ਸਿੰਘ**



ਕੇਜਰੀਵਾਲ ਵਰਤਾਰਾ ਭਾਰਤ ਦੇ ਰਾਜਨੀਤਕ ਇਤਿਹਾਸ ਦਾ ਮੌਲਿਕ ਚਮਤਕਾਰ ਹੈ। ਇਸ ਨੂੰ ਸਮਾਜਿਕ ਅਤੇ ਰਾਜਨੀਤਕ ਵਿਸ਼ਲੇਸ਼ਣ ਦੇ ਸਥਾਪਤ ਮਾਪਦੰਡਾਂ ਨਾਲ ਸਹੀ ਢੰਗ ਨਾਲ ਨਹੀਂ ਪਰਖਿਆ ਜਾ ਸਕਦਾ। ਇਹ ਸਾਡੇ ਸਮਿਆਂ ਦਾ ਵੱਡਾ ਦੁਖਾਂਤ ਹੈ ਕਿ ਸਮਾਜਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਵਿੱਚ ਪੈਸੇ ਅਤੇ ਮੰਡੀ ਦਾ ਬੋਲਬਾਲਾ ਹੈ। ਅਰਵਿੰਦ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' ਜ਼ਿੰਦਗੀ ਦੇ ਇਸ ਮੰਡੀਕਰਨ ਵਿਰੁੱਧ ਅਚੇਤ ਅਤੇ ਸਚੇਤ ਬਗ਼ਾਵਤ ਹੈ। ਦੇਸ਼ ਦੀ ਰਾਜਧਾਨੀ ਵਿੱਚ ਆਮ ਆਦਮੀ ਪਾਰਟੀ ਦੀ ਹੈਰਾਨਕੁੰਨ ਜਿੱਤ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਭਾਰਤ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਭਾਵੇਂ ਉਹ ਦਿੱਲੀ ਵਿਧਾਨ ਸਭਾ ਚੋਣ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਸਨ, ਭਾਵੇਂ ਨਹੀਂ; ਪਰ ਉਹ ਸਾਰੀਆਂ ਹਾਰੀਆਂ ਹੋਈਆਂ ਮਹਿਸੂਸ ਕਰ ਰਹੀਆਂ ਸਨ। ਮੁੱਖ ਧਾਰਾ ਵਾਲੀਆਂ ਦੋ ਵੱਡੀਆਂ ਰਾਜਨੀਤਕ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੀ ਗੱਲ ਛੱਡ ਵੀ ਦਿੱਤੀ ਜਾਵੇ ਤਾਂ ਖੇਤਰੀ ਪਾਰਟੀਆਂ ਦੀ ਮਾਨਸਿਕ ਹਾਲਤ ਵੀ ਤਰਸਯੋਗ ਬਣ ਗਈ ਸੀ। ਲੰਮੇ ਅਰਸੇ ਤੋਂ ਕਿਰਤੀਆਂ ਨੂੰ ਰਾਜ ਸਿੰਘਾਸਨ ਉੱਤੇ ਬਿਠਾਉਣ ਦੇ ਮਹਾਨ ਉਦੇਸ਼ ਨਾਲ ਜੁੜੀਆਂ ਖੱਬੇ ਪੱਖੀ ਪਾਰਟੀਆਂ ਵਿੱਚ ਵੀ ਨਿਰਾਸ਼ਾ ਹੈ, ਕਿਉਂਕਿ ਆਮ ਆਦਮੀ ਉਨ੍ਹਾਂ ਦੇ ਕਿਲ੍ਹੇ 'ਚੋਂ ਖਿਸਕ ਰਿਹਾ ਹੈ। ਦੂਜੇ ਪਾਸੇ ਮਾਇਆਵਤੀ ਨੂੰ ਵੀ ਆਪਣਾ ਕਾਫ਼ਲਾ ਸਾਂਭਣ ਵਿੱਚ ਮੁਸ਼ਕਲਾਂ ਦਰਪੇਸ਼ ਆ ਰਹੀਆਂ ਹਨ। ਉਨ੍ਹਾਂ ਸਭ ਨੂੰ ਭਾਰਤ ਦੇ ਰਾਜਨੀਤਕ ਮੰਚ ਉੱਤੇ ਇੱਕ ਵੱਡਾ ਸ਼ਰੀਕ ਪ੍ਰਗਟ ਹੋ ਗਿਆ ਜਾਪਦਾ ਹੈ ਜਿਸਦੀ ਆਮਦ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸੀ। ਰਸਮੀ ਤੌਰ 'ਤੇ ਭਾਵੇਂ ਇਨ੍ਹਾਂ ਪਾਰਟੀਆਂ ਨੇ ਰਾਜਨੀਤਕ ਖੇਤਰ ਵਿੱਚ ਆਏ ਇਸ ਨਵੇਂ ਮਹਿਮਾਨ ਦਾ ਸੁਆਗਤ ਵੀ ਕੀਤਾ ਹੈ ਅਤੇ ਸਾਰਿਆਂ ਨੇ ਇਹ ਮੰਨ ਲਿਆ ਹੈ ਕਿ ਉਹ ਇਸ ਨਵੇਂ ਵਰਤਾਰੇ ਤੋਂ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਸੱਚ ਤਾਂ ਇਹ ਹੈ ਕਿ ਉਨ੍ਹਾਂ ਦੇ ਢਿੱਡ ਵਿੱਚ ਕੁਝ ਹੋਰ ਹੀ ਹੈ। ਉਹ ਇਸ ਮਹਿਮਾਨ ਨੂੰ ਬਹੁਤਾ ਚਿਰ ਆਪਣੇ ਘਰ ਵਿੱਚ ਰੱਖਣ ਦੇ ਖ਼ਤਰੇ ਵੀ ਮਹਿਸੂਸ ਕਰ ਰਹੇ ਹਨ। ਜੇ ਸਿਆਸਤ ਦੇ ਮੈਦਾਨ ਵਿੱਚ ਕਿਸੇ ਇੱਕ ਧਿਰ ਦੇ ਵਜੂਦ ਨੂੰ ਖ਼ਤਰਾ ਹੋਵੇ ਤਾਂ ਇਸ ਨੂੰ ਸਿਆਸਤਦਾਨ ਬਰਦਾਸ਼ਤ ਕਰ ਲੈਂਦੇ ਹਨ ਪਰ ਜਦੋਂ ਸਾਰੀਆਂ ਹੀ ਧਿਰਾਂ ਖ਼ਤਰਾ ਮਹਿਸੂਸ ਕਰ ਰਹੀਆਂ ਹੋਣ ਤਾਂ ਅਜਿਹੀ ਹਾਲਤ ਵਿੱਚ ਇੱਕ-ਦੂਜੇ ਦੇ ਦੁਸ਼ਮਣ ਵੀ ਦੋਸਤ ਬਣ ਜਾਂਦੇ ਹਨ। ਰਵਾਇਤੀ ਰਾਜਨੀਤੀ ਦੀਆਂ ਸਾਰੀਆਂ ਵੰਨਗੀਆਂ ਦੇ ਸਿਆਸਤਦਾਨ ਕੇਜਰੀਵਾਲ ਵਰਤਾਰੇ ਬਾਰੇ ਵੱਖ-ਵੱਖ ਮੰਚਾਂ 'ਤੇ ਖਲੋ ਕੇ ਵੀ ਅਸਲ ਵਿੱਚ ਇੱਕੋ ਹੀ ਗੱਲ ਕਰ ਰਹੇ ਹਨ, ਜਿਸਦਾ ਸਾਂਝਾ ਉਦੇਸ਼ ਆਮ ਆਦਮੀ ਪਾਰਟੀ ਨੂੰ ਧੱਕਾ ਮਾਰ ਕੇ ਰਾਜਸੀ ਪਿੜ ਵਿੱਚੋਂ ਬਾਹਰ ਕੱਢਣਾ ਹੈ।

ਬਿਨਾਂ ਸ਼ੱਕ ਸਥਾਪਤ ਰਾਜਨੀਤੀ ਦੀ ਪਟਾਰੀ ਵਿੱਚ ਲੰਮਾ ਅਤੇ ਮਜ਼ਬੂਤ ਰਾਜਨੀਤਕ ਅਨੁਭਵ ਹੈ। ਸਿੱਖੇ-ਸਿਖਾਏ ਗੁਰਾਂ ਨਾਲ ਉਹ ਪੂਰੀ ਤਰ੍ਹਾਂ ਲੈਸ ਹਨ। ਹਵਾਲੇ ਦੇ-ਦੇ ਕੇ ਆਪਣੀ ਗੱਲ ਮਨਵਾਉਣ ਦੀ ਉਨ੍ਹਾਂ ਨੂੰ ਬਹੁਤ ਵਧੀਆ ਜਾਚ ਹੈ। ਸਾਧਨਾਂ ਦੀ ਵੀ ਕੋਈ ਕਮੀ ਨਹੀਂ, ਭਾਵੇਂ ਉਹ ਖੱਬੇ ਪੱਖੀ ਹੋਣ ਅਤੇ ਭਾਵੇਂ ਸੱਜੇ ਪੱਖੀ। ਕਾਰਪੋਰੇਟ ਜਗਤ ਨਾਲ ਵੀ ਉਨ੍ਹਾਂ ਦੀਆਂ ਘੱਟ ਜਾਂ ਵੱਧ ਗੂੜ੍ਹੀ ਸਾਂਝ ਹੈ। ਮੀਡੀਆ ਦੀਆਂ ਹੱਦਾਂ ਵੀ ਇੱਕ ਤਰ੍ਹਾਂ ਨਾਲ ਮਿੱਥੀਆਂ ਹੋਈਆਂ ਹਨ ਅਤੇ ਉਨ੍ਹਾਂ ਦੀ ਆਪਸੀ ਮੁਕਾਬਲੇਬਾਜ਼ੀ ਵੀ ਦੋਸਤਾਂ ਨਾਲ ਮੈਚ ਵਰਗੀ ਹੈ। ਸਥਾਪਤ ਰਾਜਨੀਤੀ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੇ ਹੇਠਾਂ ਤੋਂ ਉਪਰ ਤਕ ਸਾਰੀ ਖ਼ਲਕਤ ਨੂੰ ਹੀ ਲੋੜਾਂ ਅਤੇ ਮਜਬੂਰੀਆਂ ਦੀ ਜੇਲ੍ਹ ਵਿੱਚ ਡੱਕਿਆ ਹੋਇਆ ਹੈ। ਜਨਤਾ ਨੂੰ ਵਰਤਮਾਨ ਰਾਜਨੀਤੀ ਵਿੱਚੋਂ ਕਿਸੇ ਇੱਕ ਵੰਨਗੀ ਨੂੰ ਚੁਣਨ ਦੀ ਆਜ਼ਾਦੀ ਅਤੇ ਖੁੱਲ੍ਹ ਤਾਂ ਪੂਰੀ ਤਰ੍ਹਾਂ ਹੈ ਪਰ ਇਹ ਜੇਲ੍ਹ ਤੋੜਨ ਦੀ ਇਜਾਜ਼ਤ ਨਹੀਂ ਹੈ। ਉਨ੍ਹਾਂ ਨੇ ਹਾਲਾਤ ਨੂੰ ਆਪਣੇ ਹੱਕ ਵਿੱਚ ਇੱਥੋਂ ਤਕ ਖੜ੍ਹਾ ਕਰ ਦਿੱਤਾ ਹੈ ਕਿ ਸਥਾਪਤ ਰਾਜਨੀਤੀ ਦੀ ਪਹਿਰੇਦਾਰੀ ਲਈ ਗ਼ਰੀਬ ਤੋਂ ਗ਼ਰੀਬ ਦੇ ਹੱਥ ਵਿੱਚ ਵੀ ਡਾਂਗ ਫੜੀ ਵੇਖੀ ਜਾ ਸਕਦੀ ਹੈ। ਹੁਣ ਆਮ ਆਦਮੀ ਪਾਰਟੀ ਕਿਉਂਕਿ ਸਥਾਪਤ ਰਾਜਨੀਤੀ ਲਈ ਇੱਕ ਵੱਡੀ ਚੁਣੌਤੀ ਬਣ ਕੇ ਸਾਹਮਣੇ ਆਈ ਹੈ ਅਤੇ ਉਸ ਦੀਆਂ ਬੁਨਿਆਦਾਂ ਉੱਤੇ ਸੱਟ ਮਾਰ ਰਹੀ ਹੈ, ਇਸ ਲਈ ਉਨ੍ਹਾਂ ਸਾਰਿਆਂ ਨੇ ਆਪਣੀ-ਆਪਣੀ ਥਾਂ 'ਤੇ ਮੋਰਚੇ ਸੰਭਾਲ ਲਏ ਹਨ।



ਵਰਤਮਾਨ ਰਾਜਨੀਤਕ ਕੁਰੂਕਸ਼ੇਤਰ ਦਾ ਮੁਢਲਾ ਦ੍ਰਿਸ਼ ਇਹ ਹੈ ਕਿ ਇੱਕ ਪਾਸੇ ਸਿੱਖੇ ਹੋਏ ਚਲਾਕ ਸਿਆਸਤਦਾਨ ਹਨ ਜਦਕਿ ਦੂਜੇ ਪਾਸੇ ਨਵੀਂ-ਨਵੀਂ ਮੈਦਾਨ ਵਿੱਚ ਉਤਰੀ ਆਮ ਆਦਮੀ ਪਾਰਟੀ ਹੈ। ਇਸ ਪਾਰਟੀ ਦੀ ਚੇਤਨਾ ਦਾ ਸਿਧਾਂਤਕ ਪਹਿਲੂ ਜਾਂ ਤਾਂ ਕਮਜ਼ੋਰ ਹੈ ਅਤੇ ਜਾਂ ਪੂਰੀ ਤਰ੍ਹਾਂ ਅਜੇ ਨਿਖਾਰ ਵਿੱਚ ਨਹੀਂ ਆਇਆ ਪਰ ਇਹ ਗੱਲ ਪੱਕੀ ਹੈ ਕਿ ਉਸ ਦਾ ਜਜ਼ਬਾਤੀ ਪਹਿਲੂ ਪੂਰੀ ਤਰ੍ਹਾਂ ਤਕੜਾ ਹੈ। ਉਹ ਇਸ ਜਜ਼ਬਾਤੀ ਪਹਿਲੂ ਨਾਲ ਹੀ ਆਪਣੇ ਤੀਰਾਂ ਦੀ ਵਰਖਾ ਕਰਦੇ ਹਨ ਪਰ ਸਥਾਪਤੀ ਧਿਰ ਕੋਲ ਇਨ੍ਹਾਂ ਤੀਰਾਂ ਨੂੰ ਕਮਜ਼ੋਰ ਕਰਨ ਦੀਆਂ ਅਣਗਿਣਤ ਚਾਲਾਂ ਅਤੇ ਜੁਗਤਾਂ ਹਨ। ਲੋਕ-ਨੁਮਾਇੰਦਾ ਜਮਹੂਰੀਅਤ ਵਾਲੀ ਆਪਣੀ ਰਾਜਨੀਤੀ ਨੂੰ ਧੁਰ ਲੋਕਾਂ ਤਕ ਪਹੁੰਚਾਉਣ ਦੀ ਤਾਂਘ ਨੂੰ ਲੈ ਕੇ ਪਿਛਲੇ ਕੁਝ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਜਜ਼ਬਾਤੀ ਕਾਹਲ ਵਿੱਚ ਜੋ ਛੋਟੀਆਂ-ਮੋਟੀਆਂ ਗ਼ਲਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਤੇ ਖੰਭਾਂ ਦੀਆਂ ਡਾਰਾਂ ਬਣਾਉਣ ਦੀ ਜੁਗਤ ਵਿੱਚ ਸਥਾਪਤ ਰਾਜਨੀਤੀ ਦਾ ਹੱਥ ਅਜੇ ਉੱਤੇ ਹੈ।

ਸਥਾਪਤ ਰਾਜਨੀਤੀ ਦੇ ਚੋਟੀ ਦੇ ਸਿਆਸਤਦਾਨ ਅਤੇ ਇਸ ਦੇ ਬੌਧਿਕ ਵਿਆਖਿਆਕਾਰ ਕੇਜਰੀਵਾਲ ਜੀਵਨ ਸ਼ੈਲੀ ਨੂੰ ਲੋਕ ਮਨਾਂ ਵਿੱਚੋਂ ਨਿਖੇੜਨ ਲਈ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਕਰਨ ਤੇ ਬਿਆਨ ਦੇਣ ਵਿੱਚ ਕੋਈ ਮੌਕਾ ਵੀ ਹੱਥੋਂ ਨਹੀਂ ਜਾਣ ਦਿੰਦੇ। ਅਕਲ ਅਤੇ ਸਿਆਣਪ ਦੇ ਸਾਰੇ ਹਥਿਆਰਾਂ ਨੂੰ ਕਲਾਤਮਕ ਰੂਪ ਦੇਣ ਲਈ ਉਹ ਇੱਕ-ਦੂਜੇ ਤੋਂ ਅੱਗੇ ਜਾ ਰਹੇ ਹਨ। ਆਮ ਆਦਮੀ ਪਾਰਟੀ ਬਾਰੇ ਉਹ ਅਕਸਰ ਆਖਦੇ ਹਨ ਕਿ ਇਹ ਤਾਂ ਸਿਧਾਂਤ ਤੋਂ ਸੱਖਣੇ ਜਜ਼ਬਾਤੀ ਬੰਦਿਆਂ ਦੀ ਭੀੜ ਹੈ, ਜਿਸ ਕੋਲ ਨਾ ਕੋਈ ਸੇਧ ਹੈ ਤੇ ਨਾ ਹੀ ਰਾਜ ਪ੍ਰਬੰਧ ਦਾ ਡੂੰਘਾ ਅਨੁਭਵ। ਇਹ ਤਾਂ ਅਨਾੜੀ ਅਤੇ ਨਾਦਾਨ ਲੋਕਾਂ ਦਾ ਇਕੱਠ ਹੈ ਜੋ ਕਿਸੇ ਵੀ ਸਮੇਂ ਦੇਸ਼ ਨੂੰ ਅਰਾਜਕਤਾ ਵੱਲ ਧੱਕ ਸਕਦੇ ਹਨ। ਜਿਉਂ ਹੀ ਅਰਾਜਕਤਾ ਦੀ ਗੱਲ ਨੂੰ ਪੈਰ ਲਾ ਕੇ ਤੋਰ ਦਿੱਤਾ ਗਿਆ ਤਾਂ ਇਸ ਟਿੱਪਣੀ ਨੇ ਅਰਵਿੰਦ ਕੇਜਰੀਵਾਲ ਨੂੰ ਗੁੱਸਾ ਚੜ੍ਹਾ ਦਿੱਤਾ ਤੇ ਉਸ ਦੇ ਮੂੰਹੋਂ ਇਹ ਸ਼ਬਦ ਕਢਵਾ ਦਿੱਤੇ ਕਿ 'ਹਾਂ, ਮੈਂ ਅਰਾਜਕਤਾਵਾਦੀ ਹਾਂ'। ਸਥਾਪਤੀ ਧਿਰ ਜਾਣਦੀ ਹੈ ਕਿ ਆਮ ਆਦਮੀ ਦਾ ਕੂਲਾ ਢਿੱਡ ਕਿੱਥੇ ਹੈ, ਜਿੱਥੇ ਸੌਖਿਆਂ ਹੀ ਵਾਰ ਕੀਤਾ ਜਾ ਸਕਦਾ ਹੈ। ਅਰਾਜਕਤਾ ਦੀ ਗੱਲ ਰਾਸ਼ਟਰਪਤੀ ਭਵਨ ਤਕ ਵੀ ਜਾ ਪਹੁੰਚੀ ਅਤੇ ਕੇਜਰੀਵਾਲ ਜੀਵਨ ਸ਼ੈਲੀ ਨੂੰ ਅਸਿੱਧੀ ਅਲੋਚਨਾ ਦਾ ਸਾਹਮਣਾ ਕਰਨਾ ਪਿਆ। ਸਥਾਪਤੀ ਧਿਰ ਇਹ ਵਿਚਾਰ ਸਥਾਪਤ ਕਰਨ ਦਾ ਯਤਨ ਕਰ ਰਹੀ ਹੈ ਕਿ ਅਰਵਿੰਦ ਕੇਜਰੀਵਾਲ ਸੰਵਿਧਾਨ ਦੇ ਘੇਰੇ ਤੋਂ ਬਾਹਰ ਜਾ ਕੇ ਕੁਝ ਇਹੋ ਜਿਹੀਆਂ ਗੱਲਾਂ ਕਰ ਰਹੇ ਹਨ, ਜਿਸ ਨਾਲ ਦੇਸ਼ ਦੀ ਏਕਤਾ ਨੂੰ ਖ਼ਤਰਾ ਹੋ ਸਕਦਾ ਹੈ।

ਇਸ ਗੱਲ ਵਿੱਚ ਜ਼ਰਾ ਵੀ ਸ਼ੱਕ ਨਹੀਂ ਕਿ ਆਮ ਆਦਮੀ ਦੀ ਉਪਰੀ ਲੀਡਰਸ਼ਿਪ ਕੋਲ ਖ਼ੂਬਸੂਰਤ ਅਤੇ ਸ਼ਾਇਰਾਨਾ ਮਨ ਹਨ। ਸਥਾਪਤ ਰਾਜਨੀਤੀ ਤੋਂ ਅੱਕੇ-ਥੱਕੇ ਲੋਕਾਂ ਨੂੰ ਉਨ੍ਹਾਂ ਨੇ ਨਾ ਕੇਵਲ ਰੂਹ ਤਕ ਝੰਜੋੜਿਆ ਹੈ ਸਗੋਂ ਉਹ ਧੜਾ-ਧੜ ਇਸ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਨੌਜਵਾਨਾਂ ਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਜਿਵੇਂ ਉਨ੍ਹਾਂ ਦੀ ਭਟਕਦੀ ਜ਼ਿੰਦਗੀ ਨੂੰ ਨਵਾਂ ਮਾਰਗ ਮਿਲ ਗਿਆ ਹੈ, ਹਾਲਾਂਕਿ ਇਸ ਨਵੀਂ ਪਾਰਟੀ ਲਈ ਅਗਲੇ ਰਾਹ ਕੰਡਿਆਂ ਨਾਲ ਵੀ ਭਰੇ ਹੋਏ ਹਨ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਪਾਰਟੀ ਦਾ ਵਿਚਾਰਧਾਰਕ ਆਧਾਰ ਸਪਸ਼ਟ ਰੂਪ ਵਿੱਚ ਸਾਹਮਣੇ ਨਹੀਂ ਆਇਆ। ਕੌਮੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਨ੍ਹਾਂ ਨੂੰ ਆਪਣੀਆਂ ਸਿਧਾਂਤਕ ਪੁਜ਼ੀਸ਼ਨਾਂ ਸਪਸ਼ਟ ਕਰਨ ਲਈ ਅਜੇ ਬਹੁਤ ਕੁਝ ਕਰਨਾ ਪੈਣਾ ਹੈ।

ਦੂਜੇ ਪਾਸੇ ਜਿਹੜੇ ਰਾਜਨੀਤਕ ਰਹਿਬਰ ਨਜ਼ਰ ਆਉਂਦੇ ਹਨ, ਉਹ ਆਪਣੀ ਸਾਖ ਅਤੇ ਪ੍ਰਭਾਵ ਗੁਆ ਰਹੇ ਹਨ। ਉਨ੍ਹਾਂ ਦੇ ਅਰਬਾਂ-ਖ਼ਰਬਾਂ ਦੇ ਸਿੱਧੇ-ਅਸਿੱਧੇ ਵਪਾਰਕ ਕਾਰੋਬਾਰ ਹਨ ਤੇ ਵੱਡੀਆਂ-ਵੱਡੀਆਂ ਜਾਇਦਾਦਾਂ ਹਨ। ਰਾਜਨੀਤਕ ਕਦਰਾਂ-ਕੀਮਤਾਂ ਦਾ ਇਹ ਕਿਹੋ ਜਿਹਾ ਮਜ਼ਾਕ ਹੈ ਕਿ ਇਹੋ ਲੋਕ ਆਮ ਲੋਕਾਂ ਦੀ ਗੱਲ ਕਰ ਰਹੇ ਹਨ, ਜਿਨ੍ਹਾਂ ਨੂੰ ਆਮ ਲੋਕਾਂ ਦੀ ਆਰਥਿਕ ਹਾਲਤ ਬਾਰੇ ਕੱਚਘਰੜ ਜਾਣਕਾਰੀ ਹੈ। ਇਹੀ ਕਾਰਨ ਹੈ ਕਿ ਆਮ ਆਦਮੀਆਂ ਦਾ ਵੱਡਾ ਹਜੂਮ ਆਮ ਆਦਮੀ ਪਾਰਟੀ ਆਪਣੇ ਵੱਲ ਖਿੱਚ ਰਹੀ ਹੈ। ਸਥਾਪਤ ਰਾਜਨੀਤੀ ਦੀ ਅੱਜ ਸਭ ਤੋਂ ਵੱਡੀ ਚਿੰਤਾ ਅਤੇ ਡਰ ਇਹੀ ਹੈ, ਇਸੇ ਹੀ ਡਰ ਵਿੱਚੋਂ ਉਹ ਖਿੱਝ ਜਾਂਦੇ ਜਦਕਿ ਭਾਰਤ ਦੀ ਰਾਜਨੀਤੀ ਨੇ ਇਨ੍ਹਾਂ ਹਾਲਤਾਂ ਵਿੱਚ ਕਿਹੜੀ ਕਰਵਟ ਲੈਣੀ ਹੈ, ਕਿਹੜਾ ਮੋੜ ਕੱਟਣਾ ਹੈ, ਇਨ੍ਹਾਂ ਸਵਾਲਾਂ ਦਾ ਜਵਾਬ ਫ਼ਿਲਹਾਲ ਵਕਤ ਦੀ ਕੁੱਖ ਵਿੱਚ ਪਿਆ ਹੈ।

Avon Accounting & Tax Services
Personal Tax Returns (T1)
Self Employed
Taxi Business
Corporate Tax Returns (T2)
GST / Payrolls / ROE
WCB Returns
Tax Planning & Advisory Services
Weekends/Evenings Services also available.
Tel: 403-561-9011
Tel: 403-479-4220
Pandher_2004@yahoo.com or singhh73@gmail.com

ਕੌੜਾ ਸੱਚ

# ਮੰਡੀ, ਇਸ਼ਤਿਹਾਰ ਅਤੇ ਲੋਕ ਸਰੋਕਾਰਾਂ ਨੂੰ ਬਦਲਣ ਦਾ ਬਿਜਨਿਸ




**ਡਾ. ਚਰਨਜੀਤ ਸਿੰਘ ਗੁਮਟਾਲਾ**

ਅਗਾਂਹਵਧੂ ਦੇਸ਼ਾਂ ਵਿੱਚ ਮੁਢਲੀਆਂ ਸੇਵਾਵਾਂ ਦੇਣੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਫ਼ਜ਼ੂਲਖ਼ਰਚੀ ਨੂੰ ਰੋਕਣ ਲਈ ਇਨ੍ਹਾਂ ਮੁਲਕਾਂ ਵਿੱਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲੱਗੀਆਂ ਹੋਈਆਂ ਹਨ। ਇਸ ਦੀ ਤੁਲਨਾ ਵਿੱਚ ਸਾਡੇ ਦੇਸ਼ ਵਿੱਚ ਬੇਲੋੜੇ ਖ਼ਰਚਿਆਂ ਦੀ ਕਮੀ ਨਹੀਂ ਹੈ, ਜਿਸ ਵਿੱਚ ਬੇਲੋੜੀ ਇਸ਼ਤਿਹਾਰਬਾਜ਼ੀ ਵੀ ਸ਼ਾਮਲ ਹੈ। ਅੰਗਰੇਜ਼ੀ ਦੇ ਇੱਕ ਅੰਤਰਰਾਸ਼ਟਰੀ ਮੈਗਜ਼ੀਨ ਨੇ ਆਪਣੇ ਸੰਪਾਦਕੀ ਵਿੱਚ ਇਸ ਵਿਸ਼ੇ ਪ੍ਰਤੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਨੇ ਪਾਠਕਾਂ ਨੂੰ ਸੁਆਲ ਕੀਤਾ ਹੈ ਕਿ ਜੇ ਤੁਹਾਡੀ ਸਰਕਾਰੇ-ਦਰਬਾਰੇ ਪਹੁੰਚ ਹੋਵੇ ਅਤੇ ਤੁਹਾਨੂੰ ਹਜ਼ਾਰਾਂ-ਕਰੋੜਾਂ ਰੁਪਏ ਖ਼ਰਚ ਕਰਨ ਲਈ ਦਿੱਤੇ ਜਾਣ ਤਾਂ ਕੀ ਤੁਸੀਂ ਮਰ-ਖੱਪ ਚੁੱਕੇ ਕੌਮੀ ਲੀਡਰਾਂ ਨੂੰ ਚਮਕਾਉਣ ਲਈ ਇਸ਼ਤਿਹਾਰਾਂ ਉਪਰ ਬੇਲੋੜਾ ਖ਼ਰਚ ਕਰੋਗੇ ਜਾਂ ਭੁੱਖਿਆਂ ਲਈ ਅਨਾਜ ਦਾ ਪ੍ਰਬੰਧ ਕਰਨ ਤੋਂ ਇਲਾਵਾ ਸਕੂਲਾਂ ਤੇ ਸਿਹਤ ਕੇਂਦਰਾਂ ਉਪਰ ਖ਼ਰਚ ਕਰੋਗੇ? ਮੈਗਜ਼ੀਨ ਨੇ ਖ਼ੁਦ ਹੀ ਇਸ ਦਾ ਜੁਆਬ ਦਿੱਤਾ ਹੈ ਕਿ ਸਕੂਲਾਂ, ਸਿਹਤ ਕੇਂਦਰਾਂ ਤੇ ਜ਼ਰੂਰੀ ਸੇਵਾਵਾਂ 'ਤੇ ਖ਼ਰਚ ਕਰਨਾ ਤਾਂ ਠੀਕ ਹੈ ਪਰ ਕੇਂਦਰ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਬੇਲੋੜੀ ਇਸ਼ਤਿਹਾਰਬਾਜ਼ੀ ਉਪਰ ਖ਼ਰਚ ਕੀਤੇ ਗਏ 142 ਕਰੋੜ ਰੁਪਏ ਦੀ ਆਲੋਚਨਾ ਕੀਤੀ ਗਈ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਇਨ੍ਹਾਂ ਇਸ਼ਤਿਹਾਰਾਂ ਤੋਂ ਬਗ਼ੈਰ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੋਕਾਂ ਨੂੰ ਪਤਾ ਨਹੀਂ?

ਮੈਗਜ਼ੀਨ ਅਨੁਸਾਰ ਕੇਵਲ ਇਨ੍ਹਾਂ ਚਾਰ ਸਾਲਾਂ ਦੀ ਇੱਕੋ ਕੇਂਦਰੀ ਫ਼ਜ਼ੂਲਖ਼ਰਚੀ ਬਚਾ ਕੇ ਪਿੰਡਾਂ ਵਿੱਚ ਘੱਟੋ-ਘੱਟ 280 ਛੋਟੇ ਹਸਪਤਾਲ ਅਤੇ 1000 ਪ੍ਰਾਇਮਰੀ ਸਕੂਲ ਖੋਲ੍ਹੇ ਜਾ ਸਕਦੇ ਹਨ। ਜੇ ਸਾਰੇ ਭਾਰਤ ਦੀ ਅਜਿਹੀ ਬੇਲੋੜੀ ਇਸ਼ਤਿਹਾਰਬਾਜ਼ੀ ਦੇ ਕੁੱਲ ਖ਼ਰਚੇ ਦਾ ਪਤਾ ਲਗਾਇਆ ਜਾਵੇ ਤਾਂ ਇਹ ਅਰਬਾਂ ਰੁਪਏ ਬਣਦਾ ਹੈ ਜਿਸ ਨਾਲ ਹਜ਼ਾਰਾਂ ਛੋਟੇ ਹਸਪਤਾਲ ਅਤੇ ਸਕੂਲ ਖੁੱਲ੍ਹ ਸਕਦੇ ਹਨ, ਜਿਨ੍ਹਾਂ ਦੀ ਦੇਸ਼ ਨੂੰ ਬਹੁਤ ਜ਼ਿਆਦਾ ਜ਼ਰੂਰਤ ਹੈ। ਵਿਦੇਸ਼ਾਂ ਵਿੱਚ ਸਰਕਾਰਾਂ ਵੱਲੋਂ ਅਜਿਹੇ ਇਸ਼ਤਿਹਾਰ ਨਹੀਂ ਦਿੱਤੇ ਜਾਂਦੇ। ਸਰਕਾਰਾਂ ਆਪਣੀਆਂ ਪ੍ਰਾਪਤੀਆਂ ਦੇ ਇਸ਼ਤਿਹਾਰ ਜਾਂ ਆਪਣੇ ਲੀਡਰਾਂ ਨੂੰ ਚਮਕਾਉਣ ਜਾਂ ਤਿਉਹਾਰਾਂ ਅਤੇ ਹੋਰ ਅਵਸਰਾਂ ਦੀ ਵਧਾਈ ਦੇ ਇਸ਼ਤਿਹਾਰ ਨਹੀਂ ਛਪਵਾ ਸਕਦੀਆਂ। ਲੋਕ ਭਲਾਈ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ ਦਾ ਫ਼ੈਸਲਾ ਸਲਾਹਕਾਰ ਕਮੇਟੀਆਂ ਕਰਦੀਆਂ ਹਨ। ਜਿਹੜੇ ਇਸ਼ਤਿਹਾਰ ਛਪਦੇ ਵੀ ਹਨ, ਉਨ੍ਹਾਂ ਉਪਰ ਕਿਸੇ ਨੇਤਾ ਦੀ ਫੋਟੋ ਨਹੀਂ ਛਪਦੀ। ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਨੇ 'ਇੰਡੀਆ ਸ਼ਾਈਨਿੰਗ' ਨਾਂ ਹੇਠ 2004 ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਇੱਕ ਮੁਹਿੰਮ ਚਲਾਈ ਸੀ, ਜਿਸ ਉਪਰ ਉਸ ਸਮੇਂ ਕਰੀਬ 500 ਕਰੋੜ ਖ਼ਰਚ ਕੀਤੇ ਗਏ ਸਨ। ਵਰਣਨਯੋਗ ਹੈ ਕਿ ਇਹੀ ਮੁਹਿੰਮ ਐੱਨ.ਡੀ.ਏ. ਸਰਕਾਰ ਨੂੰ ਲੈ ਬੈਠੀ ਸੀ ਕਿਉਂਕਿ ਸ਼ਹਿਰੀ ਖੇਤਰ ਵਿੱਚ ਇਸ ਦਾ ਉਲਟ ਪ੍ਰਭਾਵ ਪਿਆ ਸੀ। ਚੋਣਾਂ ਤੋਂ ਬਾਅਦ ਅਡਵਾਨੀ ਨੇ ਵੀ ਮੰਨਿਆ ਸੀ ਕਿ ਇਸ ਮੁਹਿੰਮ ਨੇ ਵਿਰੋਧੀਆਂ ਨੂੰ ਸਰਕਾਰ ਵਿਰੁੱਧ ਬੋਲਣ ਦਾ ਮੌਕਾ ਦਿੱਤਾ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਵੀ ਅਜਿਹੀ ਹੀ ਮੁਹਿੰਮ- 'ਵਿਕਾਸ ਕੀਤਾ, ਵਿਕਾਸ ਕਰਾਂਗੇ' ਚਲਾਈ ਸੀ ਪਰ ਇਹ ਕਾਂਗਰਸ ਨੂੰ ਲੈ ਬੈਠੀ ਸੀ। ਇਸ ਦਾ ਕਾਰਨ ਇਹ ਸੀ ਕਿ ਓਨਾ ਵਿਕਾਸ ਨਹੀਂ ਸੀ ਹੋਇਆ, ਜਿੰਨੇ ਦਾਅਵੇ ਕੀਤੇ ਜਾ ਰਹੇ ਸਨ। ਸਾਲ 2014 ਦੀਆਂ ਚੋਣਾਂ ਵਿੱਚ ਕੋਈ ਪ੍ਰਚਾਰ ਮੁਹਿੰਮ ਯੂ.ਪੀ.ਏ. ਗੱਠਜੋੜ ਨੂੰ ਮੁੜ ਗੱਦੀ ਪ੍ਰਾਪਤ ਕਰਨ ਲਈ ਕਿੰਨੀ ਕੁ ਸਹਾਈ ਹੁੰਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਜੇ ਇਸ ਫ਼ਜ਼ੂਲਖ਼ਰਚੀ ਵਿਰੁੱਧ ਜਨਤਕ ਲਹਿਰ ਉੱਠ ਖੜ੍ਹੀ ਹੋਈ ਤਾਂ ਇਹ ਇਸ ਲਈ ਮੁਸੀਬਤ ਵੀ ਬਣ ਸਕਦੀ ਹੈ।

ਹੁਣ ਸਰਕਾਰ ਵੱਲੋਂ ਚੋਣਾਂ ਜਿੱਤਣ ਲਈ ਹਰ ਖੇਤਰ ਦੇ ਸੰਚਾਰ ਸਾਧਨਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਚਨਾ ਅਤੇ ਪ੍ਰਸਾਰਣ ਵਿਭਾਗ ਨੇ ਸਮਾਜਿਕ ਮੀਡੀਆ ਉਪਰ ਇਸ਼ਤਿਹਾਰਬਾਜ਼ੀ ਕਰਨ ਲਈ 22 ਕਰੋੜ 50 ਲੱਖ ਰੁਪਏ ਰੱਖੇ ਹਨ। ਇਸ ਕੰਮ ਵਿੱਚ ਸੂਬਾ ਸਰਕਾਰਾਂ ਵੀ ਪਿੱਛੇ ਨਹੀਂ ਹਨ। ਆਂਧਰਾ ਪ੍ਰਦੇਸ਼, ਦਿੱਲੀ ਅਤੇ ਉੱਤਰਾਖੰਡ ਸਰਕਾਰਾਂ ਇਸ਼ਤਿਹਾਰਬਾਜ਼ੀ 'ਤੇ ਭਾਰੀ ਰਕਮ ਖ਼ਰਚ ਕਰਦੀਆਂ ਹਨ। ਆਂਧਰਾ ਪ੍ਰਦੇਸ਼ ਨੇ ਹੈਲੀਕਾਪਟਰ ਹਾਦਸੇ ਵਿੱਚ ਮਾਰੇ ਗਏ ਸਾਬਕਾ ਮੁੱਖ ਮੰਤਰੀ ਵਾਈ.ਐੱਸ. ਆਰ. ਰੈਡੀ ਉਪਰ ਤਿੰਨ ਸਾਲਾਂ ਵਿੱਚ 8 ਕਰੋੜ ਰੁਪਏ ਇਸ਼ਤਿਹਾਰਬਾਜ਼ੀ ਵਿੱਚ ਖ਼ਰਚ ਕੀਤੇ ਗਏ ਸਨ। ਜਿੱਥੋਂ ਤਕ ਪੰਜਾਬ ਦਾ ਸਬੰਧ ਹੈ, ਕੇਂਦਰ ਸਰਕਾਰ ਨੇ 16 ਮਾਰਚ 2013 ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ 108 ਮੁਫ਼ਤ ਸੇਵਾ ਐਂਬੂਲੈਂਸਾਂ ਉਪਰ ਦੇਸ਼ ਭਰ ਵਿੱਚ ਚਲ ਰਿਹਾ ਇੱਕਸਾਰ ਰੰਗ ਤੇ ਡਿਜ਼ਾਈਨ ਹੀ ਵਰਤਿਆ ਜਾਵੇ ਤੇ ਇਨ੍ਹਾਂ ਗੱਡੀਆਂ ਉਪਰ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਦੀ ਫੋਟੋ ਲਗਾ ਕੇ ਇਨ੍ਹਾਂ ਨੂੰ ਸਿਆਸੀ ਪ੍ਰਚਾਰ ਦਾ ਜ਼ਰੀਆ ਨਾ ਬਣਾਇਆ ਜਾਵੇ। ਇਨ੍ਹਾਂ ਨਿਰਦੇਸ਼ਾਂ ਨੂੰ ਲਾਗੂ ਨਾ ਕਰਨ 'ਤੇ ਗ੍ਰਾਂਟ ਬੰਦ ਕਰਨ ਬਾਰੇ ਲਿਖਿਆ ਗਿਆ ਸੀ। ਇਸ ਪੱਤਰ ਨੂੰ ਲੈ ਕੇ ਅਕਾਲੀਆਂ ਤੇ ਕਾਂਗਰਸੀਆਂ ਦੀ ਸ਼ਬਦੀ ਜੰਗ ਸ਼ੁਰੂ ਹੋ ਗਈ ਤੇ ਅਖੀਰ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਤੇ ਮੁੱਖ ਮੰਤਰੀ ਦੀ ਤਸਵੀਰ ਲਾਉਣ ਦੀ ਆਗਿਆ ਦੇਣੀ ਪਈ। ਆਪਣੀ ਛਬੀ ਚਮਕਾਉਣ ਲਈ ਐਂਬੂਲੈਂਸਾਂ ਤੋਂ ਇਲਾਵਾ ਨੌਵੀਂ-ਦਸਵੀਂ ਜਮਾਤ ਵਿੱਚ ਪੜ੍ਹਦੀਆਂ ਕੁੜੀਆਂ ਨੂੰ 'ਮਾਈ ਭਾਗੋ' ਸਕੀਮ ਅਧੀਨ ਦਿੱਤੇ ਜਾਣ ਵਾਲੇ ਮੁਫ਼ਤ ਸਾਈਕਲਾਂ ਉਪਰ ਵੀ ਮੁੱਖ ਮੰਤਰੀ ਦੀਆਂ ਫੋਟੋਆਂ ਲਗਾਈਆਂ ਗਈਆਂ ਸਨ।

ਇਸ਼ਤਿਹਾਰ ਦੇਣ ਸਬੰਧੀ ਨੀਤੀ ਇੱਕਸਾਰ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 'ਪੰਜਾਬ ਟੂਡੇ' ਅਤੇ 'ਬੱਲੇ ਬੱਲੇ' ਚੈਨਲਾਂ ਨੂੰ ਗੱਫੇ ਦਿੱਤੇ ਸਨ। ਜਿੱਥੋਂ ਤਕ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦਾ ਸਬੰਧ ਹੈ, ਇੱਕ ਸਮਾਜਸੇਵੀ ਸੰਸਥਾ 'ਹੈਲਪ' ਵੱਲੋਂ ਸੂਚਨਾ ਅਧਿਕਾਰ ਅਧੀਨ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਆਧਾਰ ਬਣਾ ਕੇ ਇੱਕ ਅਖਬਾਰ ਵਿੱਚ ਪ੍ਰਕਾਸ਼ਿਤ ਖ਼ਬਰ ਅਨੁਸਾਰ ਉਸ ਸਮੇਂ ਪਿਛਲੇ ਸਵਾ ਚਾਰ ਸਾਲਾਂ ਵਿੱਚ ਸਰਕਾਰ ਨੇ 26 ਕਰੋੜ 50 ਲੱਖ ਦੇ ਇਸ਼ਤਿਹਾਰ ਦਿੱਤੇ ਸਨ। ਦੇਸ਼ ਵਿੱਚ ਸਭ ਤੋਂ ਜ਼ਿਆਦਾ ਵੇਖੇ ਜਾਂਦੇ ਦੂਰਦਰਸ਼ਨ ਨੂੰ ਕੇਵਲ 3 ਲੱਖ ਰੁਪਏ , ਐੱਨ.ਡੀ.ਟੀ.ਵੀ. ਨੂੰ 3.30 ਲੱਖ ਰੁਪਏ ਅਤੇ ਜੀ. ਪੰਜਾਬੀ ਨੂੰ 13.22 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਜਦਕਿ ਇਨ੍ਹਾਂ ਦੇ ਮੁਕਾਬਲੇ ਕਿਤੇ ਘੱਟ ਵੇਖ ਜਾਂਦੇ ਧਾਲੀਵਾਲ ਐਂਟਰਟੇਨਮੈਂਟ ਚੈਨਲ (ਡੀ.ਈ.ਟੀ ਵੀ.) ਨੂੰ 68 ਲੱਖ ਰੁਪਏ , ਫਾਸਟਵੇਅ ਕੇਬਲ ਚੈਨਲ ਨੂੰ 63 ਲੱਖ, ਐੱਮਐੱਚ 1 ਨੂੰ ਇੱਕ ਕਰੋੜ, ਚੈਨਲ ਨੰਬਰ1 ਨੂੰ 78 ਲੱਖ ਤੇ ਪੀ.ਟੀ.ਸੀ. ਚੈਨਲ ਨੂੰ 66 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ। ਚੋਣਾਂ ਕਰਕੇ ਸਾਲ 2008-09 ਵਿੱਚ ਪਿਛਲੇ ਸਾਲਾਂ ਦੇ ਮੁਕਾਬਲੇ ਜ਼ਿਆਦਾ ਇਸ਼ਤਿਹਾਰ ਦਿੱਤੇ ਗਏ।




ਸਰਕਾਰੀ ਪੈਸੇ ਨਾਲ ਦਿੱਤੇ ਜਾਂਦੇ ਇਸ਼ਤਿਹਾਰਾਂ, ਸਰਕਾਰੀ ਪੈਸੇ ਨਾਲ ਖ਼ਰੀਦੀਆਂ ਐਂਬੂਲੈਂਸਾਂ ਅਤੇ ਸਕੂਲੀ ਬੱਚਿਆਂ ਲਈ ਸਾਈਕਲਾਂ ਉਪਰ ਮੁੱਖ ਮੰਤਰੀ ਤੇ ਮੰਤਰੀ ਦੀ ਫੋਟੋ ਲਾਉਣੀ ਕਿੱਥੋਂ ਦਾ ਲੋਕਤੰਤਰ ਹੈ? ਆਪਣੀ ਜੇਬ ਵਿੱਚ ਪੈਸੇ ਖ਼ਰਚ ਕਰ ਕੇ ਦਾਨ ਕੀਤੀ ਵਸਤੂ ਉਪਰ ਫੋਟੋ ਲਗਵਾਉਣ ਦੀ ਸਮਝ ਤਾਂ ਆਉਂਦੀ ਹੈ ਪਰ ਲੋਕਾਂ ਦੇ ਪੈਸੇ ਨਾਲ ਆਪਣੀਆਂ ਫੋਟੋਆਂ ਕਿਤੇ ਵੀ ਲਵਾਉਣੀਆਂ ਤਾਂ ਤਾਨਾਸ਼ਾਹੀ ਰਾਜ ਦੀ ਹੀ ਨਿਸ਼ਾਨੀ ਹੈ। ਇਸ ਬੇਲੋੜੀ ਫ਼ਜ਼ੂਲਖ਼ਰਚੀ ਨੂੰ ਰੋਕਣ ਲਈ ਕਈ ਸੰਸਥਾਵਾਂ ਯਤਨਸ਼ੀਲ ਹਨ। ਇੱਕ ਸਮਾਜਸੇਵੀ ਸੰਸਥਾ 'ਫ਼ਾਊਂਡੇਸ਼ਨ ਫਾਰ ਰਿਸਟੋਰੇਸ਼ਨ ਆਫ਼ ਨੈਸ਼ਨਲ ਵੈਲੂਜ਼' ਨੇ ਸੁਪਰੀਮ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਹੈ ਕਿ ਸਰਕਾਰ ਵੱਲੋਂ ਪ੍ਰਾਪਤੀਆਂ ਦੇ ਇਸ਼ਤਿਹਾਰ ਉਪਰ ਪਾਬੰਦੀ ਲਾਈ ਜਾਵੇ ਕਿਉਂਕਿ ਸਰਕਾਰਾਂ ਆਪਣੇ ਨਿੱਜੀ ਹਿੱਤਾਂ ਲਈ ਅਜਿਹੀ ਬੇਲੋੜੀ ਇਸ਼ਤਿਹਾਰਬਾਜ਼ੀ ਕਰਦੀਆਂ ਹਨ। ਰਾਜਸੀ ਨੇਤਾਵਾਂ ਦੇ ਜਨਮਦਿਨ ਅਤੇ ਬਰਸੀਆਂ ਮੌਕੇ ਖ਼ਰਚੇ ਜਾਂਦੇ ਕਰੋੜਾਂ ਰੁਪਏ ਨੂੰ ਲੈ ਕੇ ਜਨਹਿੱਤ ਪਟੀਸ਼ਨ ਚੱਲ ਰਹੀ ਹੈ। ਗੁਜਰਾਤ ਹਾਈਕੋਰਟ ਵਿੱਚ ਸਰਕਾਰੀ ਇਸ਼ਤਿਹਾਰਾਂ ਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਫੋਟੋ ਉਪਰ ਪਾਬੰਦੀ ਲਗਾਉਣ ਲਈ ਇੱਕ ਜਨਹਿੱਤ ਪਟੀਸ਼ਨ ਪਾਈ ਗਈ ਸੀ ਕਿਉਂਕਿ ਸੋਨੀਆ ਗਾਂਧੀ ਪਾਸ ਕੋਈ ਸੰਵਿਧਾਨਕ ਅਹੁਦਾ ਨਹੀਂ ਹੈ। ਨਹਿਰੂ ਪਰਿਵਾਰ ਉਪਰ ਹਰ ਸਾਲ ਖ਼ਰਚ ਕੀਤੇ ਜਾਂਦੇ ਕਰੋੜਾਂ ਰੁਪਏ  ਦੀ ਆਲੋਚਨਾ ਨੂੰ ਵੇਖਦੇ ਹੋਏ ਸੋਨੀਆ ਗਾਂਧੀ ਨੇ  ਸਤੰਬਰ 2012 ਵਿੱਚ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਲਿਖ ਕੇ ਦਿੱਲੀ ਵਿੱਚ ਲੀਡਰਾਂ ਦੀਆਂ ਸਮਾਧੀਆਂ ਜਾਂ ਯਾਦਗਾਰਾਂ ਉਪਰ ਕੀਤੇ ਜਾਂਦੇ ਸਮਾਗਮਾਂ ਤੇ ਇਸ਼ਤਿਹਾਰਬਾਜ਼ੀ ਵਿੱਚ ਕਮੀ ਕਰਨ ਲਈ ਕਿਹਾ ਸੀ।

ਸਰਕਾਰੀ ਇਸ਼ਤਿਹਾਰਾਂ ਵਿੱਚ ਮੁੱਖ ਮੰਤਰੀ ਦੀ ਫੋਟੋ ਨਾ ਲਾਉਣ ਸਬੰਧੀ ਇੱਕ ਜਨਹਿੱਤ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਪਾਈ ਗਈ ਸੀ, ਜਿਸਦਾ ਨਿਪਟਾਰਾ ਕਰਦਿਆਂ ਅਦਾਲਤ ਨੇ ਕੇਵਲ ਟੈਂਡਰਾਂ ਉਪਰ ਫੋਟੋ ਨਾ ਲਾਉਣ ਦੇ ਹੀ ਆਦੇਸ਼ ਦਿੱਤੇ ਸਨ। ਗ਼ਰੀਬ ਜਨਤਾ ਦੇ ਕੀਮਤੀ ਧਨ ਨੂੰ ਬੇਲੋੜੀ ਇਸ਼ਤਿਹਾਰਬਾਜ਼ੀ ਉਪਰ ਖ਼ਰਚ ਕਰਨ ਤੋਂ ਰੋਕਣ ਲਈ ਸੂਝਵਾਨ ਸਮਾਜ ਸੇਵਕਾਂ ਵੱਲੋਂ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਇਹ ਫ਼ਜ਼ੂਲਖ਼ਰਚੀ ਤਾਂ ਹੀ ਰੁਕ ਸਕਦੀ ਹੈ ਜੇ ਇੱਕ ਤਰਕਸੰਗਤ ਇਸ਼ਤਿਹਾਰਬਾਜ਼ੀ ਨੀਤੀ ਬਣੇ।




## ਸਰੋਕਾਰਾਂ ਦੀ ਆਵਾਜ਼ ਨੂੰ ਲੋੜ ਹੈ

ਵੱਖ-ਵੱਖ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਮਸਲਿਆਂ ਪ੍ਰਤੀ ਚੇਤਨਤਾ ਵਿਕਸਿਤ ਕਰ ਰਹੇ 'ਸਰੋਕਾਰਾਂ ਦੀ ਆਵਾਜ਼' ਨੂੰ ਹੋਰ ਪ੍ਰਫੁੱਲਤ ਕਰਨ ਹਿਤ ਇਸ਼ਤਿਹਾਰਾਂ ਵਾਸਤੇ ਪ੍ਰਤੀਨਿਧ ਦੀ ਜ਼ਰੂਰਤ ਹੈ।

**ਸੰਪਰਕ ਕਰੋ**
**ਹਰਬੰਸ ਸਿੰਘ**
**416-817-7142**

ਸਾਹਿਤਕ ਝਰੋਖਾ

# ਤਬਦੀਲੀ ਪਸੰਦ ਸ਼ਾਇਰ-ਏ-ਮਸ਼ਰਿਕ ਫ਼ੈਜ਼ ਅਹਿਮਦ ਫ਼ੈਜ਼ ਦੇ ਸਰੋਕਾਰ 'ਚੋਂ




**ਬੀਰਦਵਿੰਦਰ ਸਿੰਘ**

ਸਤੰਬਰ 1980 ਵਿੱਚ ਬੁਲਗਾਰੀਆ ਦੀ ਰਾਜਧਾਨੀ ਸੋਫ਼ੀਆ ਵਿੱਚ ਯੂਨੀਵਰਸਿਟੀ ਦੇ ਕਨਵੋਕੇਸ਼ਨ ਹਾਲ ਵਿੱਚ ਵਿਸ਼ਵ ਅਮਨ ਕਾਨਫਰੰਸ ਦੀ ਉਦਘਾਟਨੀ ਰਸਮ ਖ਼ਤਮ ਹੋਣ ਸਾਰ ਸਾਰੇ ਡੈਲੀਗੇਟ ਕੌਫ਼ੀ ਦੇ ਪਿਆਲੇ ਤੇ ਗੱਪ-ਸ਼ੱਪ ਲਈ ਇੱਧਰ-ਉਧਰ ਖਿਲਰ ਗਏ। ਮੈਂ ਹਾਲੇ ਕਨਵੋਕੇਸ਼ਨ ਹਾਲ ਦੀ ਬਾਲਕੋਨੀ ਵਿੱਚ ਬੈਠਾ ਸੀ ਕਿ ਬੁਲਗਾਰੀਆ ਵਿੱਚ ਭਾਰਤ ਦੇ ਰਾਜਦੂਤ ਪੀ. ਦੇਵਾ ਨਰਾਇਣ ਰਾਓ ਨੇ ਮੈਨੂੰ ਸੂਚਿਤ ਕੀਤਾ ਕਿ ਅਫ਼ਗਾਨਿਸਤਾਨ 'ਚੋਂ ਰੂਸੀ ਫ਼ੌਜਾਂ ਨੂੰ ਬਾਹਰ ਕੱਢਣ ਦੇ ਮਸਲੇ ਨੂੰ ਵਿਚਾਰਨ ਲਈ ਬਣੇ ਕਮਿਸ਼ਨ ਵਿੱਚ ਭਾਗ ਲੈਣ ਲਈ ਭਾਰਤ ਵੱਲੋਂ ਮੈਨੂੰ ਨਾਮਜ਼ਦ ਕੀਤਾ ਗਿਆ ਹੈ। ਅਚਾਨਕ ਮੇਰੀ ਨਜ਼ਰ ਕਨਵੋਕੇਸ਼ਨ ਹਾਲ ਦੀ ਸਟੇਜ 'ਤੇ ਪਈ ਜਿੱਥੇ ਇੱਕ ਸੋਹਣੇ ਤੇ ਮਧਰੇ ਜਿਹੇ ਕੱਦ ਦੇ ਵਿਅਕਤੀ ਨੂੰ ਅੰਤਰਰਾਸ਼ਟਰੀ ਮੀਡੀਆ ਦੇ ਕੈਮਰਿਆਂ ਨੇ ਘੇਰਿਆ ਹੋਇਆ ਸੀ। ਮੈਂ ਆਪਣੇ ਦੋਭਾਸ਼ੀਏ ਨੂੰ ਉਸ ਵਿਅਕਤੀ ਬਾਰੇ ਜਾਣਕਾਰੀ ਲੈ ਕੇ ਆਉਣ ਲਈ ਕਿਹਾ। ਉਸ ਨੇ ਆ ਕੇ ਦੱਸਿਆ ਕਿ ਉਹ ਲਿਬਨਾਨ ਤੋਂ ਆਏ ਚਰਚਿਤ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਹਨ ਤੇ ਫ਼ਲੀਸਤੀਨੀ ਗੁਰੀਲਿਆਂ ਦੇ ਮੁਖੀ ਯਾਸਰ ਅਰਾਫ਼ਾਤ ਦੇ ਹਮਰਾਹ ਇਸ ਕਾਨਫਰੰਸ ਵਿੱਚ ਭਾਗ ਲੈਣ ਲਈ ਪੁੱਜੇ ਹਨ। ਮੈਂ ਸਾਰਾ ਕੰਮ ਛੱਡ ਕੇ ਇਹ ਜਾਨਣ ਲਈ ਉਨ੍ਹਾਂ ਪਾਸ ਅੱਪੜ ਗਿਆ ਕਿ ਕਿਤੇ ਇਹ ਸ਼ਖ਼ਸੀਅਤ 'ਨਕਸ਼-ਏ-ਫਰਯਾਦੀ ਤੇ 'ਦਸਤ-ਏ-ਸਬਾ' ਦੇ ਰਚੇਤਾ ਫ਼ੈਜ਼ ਅਹਿਮਦ ਫ਼ੈਜ਼ ਤਾਂ ਨਹੀਂ ਜਿਨ੍ਹਾਂ ਨੂੰ ਮੈਂ ਕਾਲਜ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ। ਫ਼ੈਜ਼ ਸਾਹਿਬ ਮੈਨੂੰ ਵੇਖ ਕੇ ਪਹਿਲਾਂ ਤਾਂ ਮੁਸਕਰਾਏ ਅਤੇ ਫਿਰ ਉਨ੍ਹਾਂ ਮੈਨੂੰ ਘੁੱਟ ਕੇ ਗਲਵਕੜੀ ਪਾ ਲਈ ਤੇ ਦੱਸਿਆ ਕਿ ਉਹ ਉਹੋ ਬਦਨਸੀਬ ਫ਼ੈਜ਼ ਹਨ ਪਰ ਅੱਜਕੱਲ੍ਹ ਉਨ੍ਹਾਂ ਦਾ ਟਿਕਾਣਾ ਉਨ੍ਹਾਂ ਦਾ ਆਪਣਾ ਵਤਨ ਪਾਕਿਸਤਾਨ ਨਹੀਂ ਸਗੋਂ ਉਹ ਲਿਬਨਾਨ ਦੇ ਸ਼ਹਿਰ ਬੈਰੂਤ ਵਿੱਚ ਇੱਕ ਪਨਾਹਗੀਰ ਵਜੋਂ ਮਕੀਮ ਹਨ ਤੇ ਇਸ ਉਮੀਦ ਨਾਲ ਵਕਤ ਗੁਜ਼ਾਰ ਰਹੇ ਹਨ ਕਿ ਕਦੇ ਤਾਂ ਉਨ੍ਹਾਂ ਦੇ ਵਤਨ ਵੀ ਭਲੇ ਦਿਨ ਵਾਪਸ ਪਰਤਣਗੇ। ਇਹ ਆਖ ਕੇ ਉਨ੍ਹਾਂ ਮੇਰਾ ਹੱਥ ਫੜਿਆ ਅਤੇ ਕਹਿਣ ਲੱਗੇ, "ਆ ਯਾਰ, ਬਾਹਰ ਬੈਠ ਕੇ ਕੌਫ਼ੀ ਪੀਨੇ ਆਂ ਤੇ ਨਾਲੇ ਗੱਪ-ਸ਼ੱਪ ਮਾਰਦੇ ਆਂ।" ਮੈਂ ਫ਼ੈਜ਼ ਸਾਹਿਬ ਨੂੰ ਆਖਿਆ, "ਸਰ, ਇਟਸ ਇਨਕਰੈਡਿਬਲ ਦੈਟ ਯੂ ਆਰ ਹੋਲਡਿੰਗ ਮਾਈ ਹੈਂਡ।" ਫ਼ੈਜ਼ ਸਾਹਿਬ ਮੈਨੂੰ ਵਿੱਚੋਂ ਹੀ ਟੋਕ ਕੇ ਕਹਿਣ ਲੱਗੇ, "ਵੇਖ ਭਰਾਵਾ, ਜਿੰਨਾ ਚਿਰ ਆਪਾਂ ਇਕੱਠਿਆਂ ਬਹਿਣਾਂ ਸੂ, ਐਹ ਅੰਗਰੇਜ਼ੀ ਨੂੰ ਮੂੰਹ ਨਹੀਂ ਜੇ ਮਾਰਨਾ। ਅੰਗਰੇਜ਼ੀ ਤੇ ਸਾਡੀ ਮਜਬੂਰੀ ਏ, ਮਸਾਂ ਤੇ ਕੋਈ ਮਾਂ-ਬੋਲੀ ਵਿੱਚ ਗੱਲ ਕਰਨ ਵਾਲਾ ਮਿਲਿਆ ਈ। ਮੈਂ ਤਾਂ ਤਰਸਿਆ ਪਿਆਂ ਆਪਣੀ ਮਾਂ ਦੀ ਜ਼ੁਬਾਨ ਲਈ।" ਮੈਂ ਪੁੱਛਿਆ, "ਫ਼ੈਜ਼ ਸਾਹਿਬ! ਇਹ ਬੈਰੂਤ ਵਿੱਚ ਮਕੀਮ ਹੋਣ ਦਾ ਸਬੱਬ ਕੀ ਬਣਿਆ?" ਥੋੜ੍ਹੀ ਦੇਰ ਦੀ ਖ਼ਾਮੋਸ਼ੀ ਤੋਂ ਬਾਅਦ ਉਹ ਕਹਿਣ ਲੱਗੇ, "ਗੱਲ ਐਹ ਆ ਪਈ ਜੇ ਪਾਕਿਸਤਾਨ ਵਿੱਚ ਹੁੰਦੇ ਤਾਂ ਫ਼ੌਜੀ ਹਕੂਮਤ ਨੇ ਕਦੋਂ ਦਾ ਫਾਹੇ ਟੁੰਗਿਆ ਹੋਣਾ ਸੀ। ਭੁੱਟੋ ਤੋਂ ਬਾਅਦ ਸਾਡੀ ਹੀ ਤੇ ਵਾਰੀ ਸੀ। ਸਾਜ਼ਿਸ਼ਾਂ ਤੇ ਚਿਰੋਕਣੀਆਂ ਸ਼ੁਰੂ ਹੋ ਗਈਆਂ ਸਨ। ਐਹ ਤੇ ਅੰਦਰੋਂ ਈ ਕੋਈ ਭਿਣਕ ਪੈ ਗਈ ਸੂ। ਭਲਾ ਹੋਵੇ ਉਨ੍ਹਾਂ ਦਾ ਜਿਨ੍ਹਾਂ ਭਲੇ ਵਕਤ ਇਤਲਾਹ ਦੇ ਛੱਡੀ, ਦੂਜਾ ਭਲਾ ਹੋਵੇ ਲਿਬਨਾਨ ਦੇ ਹਾਕਮਾਂ ਦਾ ਜਿਨ੍ਹਾਂ ਬਿਨਾਂ ਕਿਸੇ ਹੀਲ-ਹੁੱਜਤ ਪਨਾਹ ਦੇ ਛੱਡੀ। ਵਤਨ ਵਾਪਸੀ ਤੇ ਹੁਣ ਅੱਲਾ ਦੇ ਹੱਥ-ਵੱਸ ਏ। ਹਾਲ ਦੀ ਘੜੀ ਤੇ ਬੇਵਤਨੀ ਦਾ ਬੋਝ ਵੀ ਉਠਾਇਆ ਨਹੀਂ ਜਾਂਦਾ।" ਫ਼ੈਜ਼ ਸਾਹਿਬ ਕਿਸੇ ਡੂੰਘੀ ਸੋਚ ਵਿੱਚ ਗੁਆਚ ਗਏ।

ਉਨ੍ਹਾਂ ਦੇ ਚਿਹਰੇ 'ਤੇ ਵਤਨ ਤੋਂ ਦੂਰੀ ਦਾ ਉਦਰੇਵਾਂ ਤੇ ਵਾਪਸ ਪਰਤਣ ਵਿੱਚ ਬੇਬਸੀ ਦੀ ਪੀੜ ਸਾਫ਼ ਝਲਕ ਰਹੀ ਸੀ। ਫ਼ੈਜ਼ ਹੋਰਾਂ ਮੈਨੂੰ ਪੁੱਛਿਆ, "ਹਿੰਦੁਸਤਾਨ ਵਿੱਚ ਕੀ ਕਰਦੇ ਓਂ, ਜ਼ਰੀਆ-ਏ-ਮੁਆਸ਼ ਕੀ ਰੱਖਿਆ ਜੇ?" ਮੈਂ ਜਵਾਬ ਦਿੱਤਾ, "ਜ਼ਰੀਆ-ਏ-ਮੁਆਸ਼ ਖੇਤੀਬਾੜੀ, ਕਿੱਤੇ ਵਜੋਂ ਦਰਮਿਆਨੇ ਦਰਜੇ ਦਾ ਕਿਸਾਨ ਤੇ ਸ਼ੌਕ ਪੜ੍ਹਨਾ-ਲਿਖਣਾ ਏ। ਮਜਬੂਰੀ ਸਿਆਸਤ ਵਿੱਚ ਹਾਂ ਤੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਅਸੈਂਬਲੀ ਦਾ ਮੈਂਬਰ ਵੀ ਹਾਂ। ਉਨ੍ਹਾਂ ਪੁੱਛਿਆ, "ਮੈਨੂੰ ਪੜ੍ਹਿਆ ਜੇ ਕਿ ਨਹੀਂ?" "ਜੀ, ਮੈਂ ਆਪਣੇ ਕਾਲਜ ਸਮੇਂ ਤੋਂ ਤੁਹਾਡਾ ਉਪਾਸਕ ਹਾਂ। ਆਪਣੀਆਂ ਤਕਰੀਰਾਂ ਤੇ ਤਹਿਰੀਰਾਂ ਨੂੰ ਤੁਹਾਡੀ ਇਨਕਲਾਬੀ ਸ਼ਾਇਰੀ ਦੇ ਹਵਾਲਿਆਂ ਨਾਲ ਗੁੰਦ ਕੇ ਵਧੇਰੇ ਅਸਰਦਾਰ ਬਣਾਉਂਦਾ ਹਾਂ, ਤਬੀਅਤਨ ਬਾਗ਼ੀ ਹਾਂ। ਤੁਹਾਡੀ ਸ਼ਾਇਰੀ ਮੇਰੇ ਲਹੂ ਵਿੱਚ ਘੁਲੀ-ਮਿਲੀ ਹੋਈ ਹੈ ਤੇ ਜ਼ੁਬਾਨੀ ਕੰਠ ਵੀ ਏ, ਉਂਜ ਮੈਂ ਅੱਲਾਮਾ ਇਕਬਾਲ ਨੂੰ ਵੀ ਬੜਾ ਨਿੱਠ ਕੇ ਪੜ੍ਹਿਐ, ਉਨ੍ਹਾਂ ਨੂੰ ਮੈਂ ਫ਼ਲਸਫ਼ੇ ਦਾ ਸ਼ਾਇਰ ਆਖਦਾ ਹਾਂ।" "ਤੇ ਮੈਨੂੰ ਕੀ ਆਖਦਾ ਏਂ?" ਉਨ੍ਹਾਂ ਮੈਨੂੰ ਪੁੱਛਿਆ। ਤੁਹਾਨੂੰ ਮੈਂ ਵੀਹਵੀਂ ਸਦੀ ਦੀ ਤਰੱਕੀ ਪਸੰਦ ਲਹਿਰ ਦੇ ਵਲਵਲਿਆਂ ਨੂੰ ਚਿਤਵਦਾ, ਮਜ਼ਲੂਮਾਂ ਤੇ ਮਿਹਨਤਕਸ਼ ਲੋਕਾਂ ਦੇ ਦਰਦ ਦਾ ਹਮਸਫ਼ਰ, ਅਵਾਮੀ ਸ਼ਾਇਰ ਮੰਨਦਾ ਹਾਂ ਤੇ ਤੁਸੀਂ ਯਕੀਨਨ ਇਸ ਸਦੀ ਦੀ ਸਿਆਸੀ, ਸਮਾਜੀ ਤੇ ਅਦਬੀ ਉਥਲ-ਪੁਥਲ ਦੇ ਤਕਾਜ਼ਿਆਂ ਵਿੱਚ ਅਲੱਗ ਖਲੋਤੇ ਨਜ਼ਰ ਆ ਰਹੇ ਹੋ। ਇਸ ਤੋਂ ਇਲਾਵਾ ਹੋਰ ਕਿਸ ਨਜ਼ਰੀਏ ਤੋਂ ਵੇਖਦੇ ਹੋ?" ਫ਼ੈਜ਼ ਸਾਹਿਬ ਨੇ ਇੱਕ ਹੋਰ ਸਵਾਲ ਦਾਗ ਦਿੱਤਾ। ਮੈਂ ਫ਼ੈਜ਼ ਨੂੰ ਖ਼ੂਬਸੂਰਤ ਇਨਸਾਨੀ ਰਿਸ਼ਤਿਆਂ ਦੇ ਵਸਲ ਤੇ ਹਿਜਰ, ਟੁੱਟੀਆਂ ਮੁਹੱਬਤਾਂ, ਬਿਹਤਰ ਆਵਾਮੀ ਨਿਜ਼ਾਮ ਦੀ ਸਿਰਜਣਾ ਦੇ ਫ਼ਿਕਰ ਵਿੱਚ ਡੁੱਬਿਆ ਬੇਖ਼ੌਫ਼ ਤੇ ਦਰਦਮੰਦ ਇਨਕਲਾਬੀ ਸ਼ਾਇਰ ਮੰਨਦਾ ਹਾਂ। ਇਹ ਸੁਣ ਕੇ ਉਨ੍ਹਾਂ ਇੱਕ ਵਾਰ ਫਿਰ ਛੋਟੇ ਭਰਾ ਵਾਂਗ ਗਲਵਕੜੀ ਵਿੱਚ ਲੈ ਲਿਆ। ਉਹ ਆਪਣੀਆਂ ਸਿੱਲ੍ਹੀਆਂ ਅੱਖਾਂ ਨਾਲ ਬਸ ਏਨਾ ਹੀ ਆਖ ਸਕੇ, "ਵੇਖੋ ਹਸ਼ਰ ਅਸਾਡਾ! ਵਕਤ ਤੇ ਤਕਦੀਰ ਸਾਨੂੰ ਕਿੱਧਰੋਂ ਕਿੱਧਰੇ ਲੈ ਟੁਰੀ ਏ, ਵਰਨਾ ਸਾਡੇ ਵਿੱਚ ਇੱਕ ਸਰਹੱਦ ਤੋਂ ਸਿਵਾ ਹੋਰ ਵੰਡਣ ਨੂੰ ਕੀ ਸੀ। ਵਕਤ ਨੇ ਏਧਰ ਤੇ ਓਧਰ ਦੇ ਇਨਸਾਨ ਨੂੰ ਰੇਜ਼ਾ-ਰੇਜ਼ਾ ਕਰ ਛੱਡਿਆ ਸੂ। ਫ਼ੈਜ਼ ਸਾਹਿਬ ਇੱਕ ਵਾਰ ਫਿਰ ਕਿਧਰੇ ਗੁਆਚ ਗਏ ਜਾਪਦੇ ਸਨ। ਮੈਂ ਆਖਿਆ, "ਲਿਬਨਾਨ ਦੀ ਮਿਟੀ ਵਿੱਚ ਇੱਕ ਬੜੀ ਪਿਆਰੀ ਜਿੰਦ ਦਫ਼ਨ ਏ। ਉਸ ਦਾ ਲਿਖਿਆ ਵੀ ਹਰ ਅੱਖਰ, ਮੈਂ ਵਾਰ-ਵਾਰ ਪੜ੍ਹਦਾ ਹਾਂ। ਮੇਰੀ ਆਰਜ਼ੂ ਹੈ ਕਿ ਜੇ ਕਿਧਰੇ ਸਬੱਬ ਬਣੇ ਤਾਂ ਇੱਕ ਦਫ਼ਾ ਉਸ ਦੇ ਮਕਬਰੇ 'ਤੇ ਜ਼ਿਆਰਤ ਲਈ ਜ਼ਰੂਰ ਜਾਵਾਂ। ਦਿਲ ਕਰਦਾ ਏ ਕਿ ਪਹਿਲਾਂ ਸਜਦਾ ਕਰਾਂ ਤੇ ਫਿਰ ਉਸ ਨਾਲ ਢੇਰ ਗੱਲਾਂ ਕਰਾਂ, ਠੀਕ ਉਵੇਂ! ਜਿਵੇਂ ਪੈਗੰਬਰ ਮੁਸਤਫ਼ਾ ਨਾਲ ਉਰਫ਼ਾ ਦੇ ਲੋਕਾਂ ਨੇ ਕੀਤੀਆਂ ਸਨ।" ਫ਼ੈਜ਼ ਸਾਹਿਬ ਪੁੱਛਣ ਲੱਗੇ, "ਕੌਣ ਏ ਜਿਸਨੂੰ ਏਨੀ ਸ਼ਿੱਦਤ ਨਾਲ ਯਾਦ ਕਰਨ ਡਿਆਂ ਏਂ?" ਮੈਂ ਆਖਿਆ, "ਖ਼ਲੀਲ ਜ਼ਿਬਰਾਨ।" ਫ਼ੈਜ਼ ਸਾਹਿਬ ਨੇ ਹੁੰਗਾਰਾ ਭਰਦਿਆਂ ਆਖਿਆ, "ਬਈ ਵਾਹ, ਖ਼ਲੀਲ ਜਿਬਰਾਨ ਨੂੰ ਵਾਕਿਆ ਈ ਇਸ ਅਦਬੀ ਸ਼ਿੱਦਤ ਨਾਲ ਈ ਯਾਦ ਕਰਨਾ ਬਣਦੈ।"





ਗੱਲਬਾਤ ਬੜੇ ਭਾਵੁਕ ਦੌਰ ਵਿੱਚ ਅੱਪੜ ਚੁੱਕੀ ਸੀ। ਅਚਾਨਕ ਬਲਗਾਰੀਆ ਵਿੱਚ ਭਾਰਤੀ ਸਫ਼ਾਰਤਖ਼ਾਨੇ ਦਾ ਇੱਕ ਹੋਰ ਸੀਨੀਅਰ ਅਧਿਕਾਰੀ ਗਣਪਤੀ ਸੁਨੇਹਾ ਲੈ ਕੇ ਆਇਆ ਤੇ ਮੈਨੂੰ ਕਹਿਣ ਲੱਗਿਆ, "ਸਰ, ਕਮਿਸ਼ਨ ਦੀ ਬੈਠਕ ਦਾ ਵਕਤ ਹੋ ਗਿਆ ਹੈ। ਆਪਾਂ ਨੂੰ ਹੁਣ ਚੱਲਣਾ ਚਾਹੀਦਾ ਹੈ, ਨਹੀਂ ਤਾਂ ਮੀਟਿੰਗ ਲਈ ਪਛੜ ਜਾਵਾਂਗੇ।" ਮੈਂ ਬੇਚੈਨੀ ਨਾਲ ਫ਼ੈਜ਼ ਸਾਹਿਬ ਪਾਸੋਂ ਵਿਛੜਨ ਦੀ ਆਗਿਆ ਮੰਗੀ। ਇਸ ਮੁਲਾਕਾਤ ਨਾਲ ਉਨ੍ਹਾਂ ਅਤੇ ਮੇਰਾ ਚਿੱਤ ਨਹੀਂ ਸੀ ਭਰਿਆ। ਕੁਦਰਤੀ ਅਸੀਂ ਦੋਵੇਂ ਬਲਕਾਨ ਹੋਟਲ ਵਿੱਚ ਠਹਿਰੇ ਹੋਏ ਸੀ। ਮੁੜ ਮਿਲਣ ਦੀ ਆਸ ਨਾਲ ਮੈਂ ਮੀਟਿੰਗ ਲਈ ਰਵਾਨਾ ਹੋ ਗਿਆ। ਰਸਤੇ ਵਿੱਚ ਬਲਗਾਰੀਆ ਵਿੱਚ ਭਾਰਤ ਦੇ ਸਫ਼ੀਰ ਪੀ. ਦੇਵਾ ਨਰਾਇਣ ਰਾਓ ਮੇਰਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਸਵਾਲ ਕੀਤਾ, "ਆਪ ਫ਼ੈਜ਼ ਕੋ ਕੈਸੇ ਜਾਨਤੇ ਹੈਂ?" ਮੈਂ ਜਵਾਬ ਦਿੱਤਾ, "ਫ਼ੈਜ਼ ਸਾਹਿਬ ਕੋ ਕੌਣ ਨਹੀਂ ਜਾਨਤਾ! ਸ਼ਾਇਰ-ਏ-ਮਸ਼ਰਿਕ ਫ਼ੈਜ਼ ਅਹਿਮਦ ਫ਼ੈਜ਼ ਐਸੇ ਪਹਿਲੇ ਸ਼ਾਇਰ ਹੈਂ ਜਿਨ ਕੋ ਲੈਨਿਨ ਪੀਸ ਪਰਾਈਜ਼ ਕੇ ਸਾਥ ਨਿਵਾਜ਼ਾ ਗਿਆ ਹੈ। ਮੈਂ ਤੋ ਉਨ ਕੀ ਇਨਕਲਾਬੀ ਸ਼ਾਇਰੀ ਕਾ ਕਾਇਲ ਹੂੰ। ਆਜ ਉਨਕੇ ਸਾਥ ਇਤਨੀ ਸ਼ਾਨਦਾਰ ਔਰ ਯਾਦਗਾਰੀ ਮੁਲਾਕਾਤ, ਮਜ਼ਾ ਆ ਗਿਆ, ਮੈਂ ਇੱਕੋ ਹੀ ਫ਼ਿਕਰੇ ਵਿੱਚ ਬਿਨਾਂ ਸਾਹ ਲਿਆਂ ਸਭ ਕੁਝ ਆਖ ਦਿੱਤਾ। ਅੱਗੋਂ ਰਾਜਦੂਤ ਸਾਹਿਬ ਕਹਿਣ ਲੱਗੇ,"ਸਰਦਾਰ ਸਾਹਿਬ! ਇਸ ਸ਼ਖ਼ਸ ਕੀ ਸਫ਼ਾਰਤੀ ਨਜ਼ਰੀਏ ਸੇ ਭਾਰਤ ਕੇ ਲੀਏ ਬੜੀ ਅਹਿਮੀਅਤ ਹੈ, ਹੋ ਸਕੇ ਤੋ ਇਨ ਸੇ ਨਜ਼ਦੀਕੀਆਂ ਔਰ ਬੜ੍ਹਾਏਂ।" ਮੈਂ ਜਵਾਬ ਦਿੱਤਾ,"ਰਾਓ ਸਾਹਿਬ! ਕਿਸੀ ਤਹਿ-ਸ਼ੁਦਾ ਮਕਸਦ ਸੇ ਪਾਕ ਮੁਹੱਬਤੇਂ ਹੋ ਨਹੀਂ ਸਕਤੀ, ਔਰ ਨਾ ਹੀ ਇਨਸਾਨੀ ਰਿਸ਼ਤੇ ਬਨਤੇ ਹੈ। ਹਰ ਇਨਸਾਨੀ ਰਿਸਤੇ ਕੀ ਬੁਨਿਆਦ ਤੋ ਬਾਹਮੀ ਯਕੀਨ ਹੀ ਹੋਤਾ ਹੈ, ਵੈਸੇ ਭੀ ਮੁਝੇ ਸਫ਼ਾਰਤੀ ਜ਼ਰੂਰਤੋਂ ਕੇ ਲੀਏ ਰਿਸ਼ਤੇ ਬਨਾਨੇ ਨਹੀਂ ਆਤੇ। ਰਾਓ ਸਾਹਿਬ ਖ਼ਾਮੋਸ਼ ਹੋ ਗਏ, ਸ਼ਾਇਦ ਉਨ੍ਹਾਂ ਨੂੰ ਮੇਰਾ ਜਵਾਬ ਪਸੰਦ ਨਹੀਂ ਆਇਆ ਸੀ।

ਰਾਤ ਦੇ ਖਾਣੇ ਸਮੇਂ ਹੋਟਲ ਬਲਕਾਨ ਵਿੱਚ ਮੈਂ ਫ਼ੈਜ਼ ਸਾਹਿਬ ਨਾਲ ਹੋਈ ਮੁਲਾਕਾਤ ਦੀ ਕਹਾਣੀ ਭਾਰਤੀ ਵਫ਼ਦ ਦੇ ਉਨ੍ਹਾਂ ਸਾਥੀਆਂ ਨਾਲ ਸਾਂਝੀ ਕੀਤੀ ਜਿਨ੍ਹਾਂ ਦਾ ਤੁਅੱਲਕ ਪੰਜਾਬ ਨਾਲ ਸੀ। ਸਾਰਿਆਂ ਨੇ ਇੱਛਾ ਪ੍ਰਗਟ ਕੀਤੀ ਕਿ ਕਿਉਂ ਨਾ ਫ਼ੈਜ਼ ਸਾਹਿਬ ਨੂੰ ਪੰਜਾਬ ਦੇ ਵਫ਼ਦ ਵੱਲੋਂ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਜਾਵੇ ਤੇ ਜੇ ਉਹ ਦਾਅਵਤ ਮਨਜ਼ੂਰ ਕਰ ਲੈਣ ਤਾਂ ਫਿਰ ਖਾਣੇ ਤੋਂ ਪਹਿਲਾਂ ਇੱਕ ਖ਼ੁਸੂਸੀ ਨਸ਼ਿਸ਼ਤ ਦਾ ਇੰਤਜ਼ਾਮ ਕੀਤਾ ਜਾਵੇ ਜਿਸ ਵਿੱਚ ਉਨ੍ਹਾਂ ਨੂੰ ਨਿੱਠ ਕੇ ਸੁਣਿਆ ਜਾਵੇ। ਇਸ ਕੰਮ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਦੂਜੀ ਸਵੇਰ ਜਦੋਂ ਮੈਂ ਫ਼ੈਜ਼ ਸਾਹਿਬ ਨੂੰ ਮਿਲ ਕੇ ਆਪਣੇ ਸਾਥੀਆਂ ਵੱਲੋਂ ਗੁਜ਼ਾਰਿਸ਼ ਕੀਤੀ ਤੇ ਨਾਲ ਹੀ ਉਨ੍ਹਾਂ ਦੇ ਕਲਾਮ ਸੁਣਨ ਦੀ ਆਰਜ਼ੂ ਵੀ ਜ਼ਾਹਰ ਕੀਤੀ ਤਾਂ ਉਨ੍ਹਾਂ 'ਜ਼ਹੇ ਨਸੀਬ, ਜ਼ਹੇ ਕਿਸਮਤ' ਆਖ ਕੇ ਸਾਡੀ ਦਾਅਵਤ ਮਨਜ਼ੂਰ ਕਰ ਲਈ। ਇੰਤਜ਼ਾਰ ਦੀਆਂ ਘੜੀਆਂ ਮੁੱਕ ਗਈਆਂ। ਕੌਮਾਂਤਰੀ ਪੱਧਰ ਦੀ ਇੱਕ ਮੁਮਤਾਜ਼ ਸ਼ਖ਼ਸੀਅਤ ਫ਼ੈਜ਼ ਅਹਿਮਦ ਫ਼ੈਜ਼ ਸਾਹਿਬ ਸਾਡੇ ਦਰਮਿਆਨ ਸਨ। ਅਸੀਂ ਕੁੱਲ ਦਸ ਜਾਣੇ ਸਾਂ। ਸਭ ਨਾਲ ਜਾਣ-ਪਛਾਣ ਤੋਂ ਬਾਅਦ ਫ਼ੈਜ਼ ਸਾਹਿਬ ਨੂੰ ਆਪਣੇ ਪਸੰਦੀਦਾ ਕਲਾਮ ਪੇਸ਼ ਕਰਨ ਦੀ ਗੁਜ਼ਾਰਿਸ਼ ਕੀਤੀ ਗਈ। ਉਨ੍ਹਾਂ ਸਭ ਤੋਂ ਪਹਿਲਾਂ ਜੋ ਕਲਾਮ ਪੜ੍ਹਿਆ ਉਸ ਦੇ ਕੁਝ ਸ਼ੇਅਰ ਸਨ:

ਅਬ ਕਭੀ ਸ਼ਾਮ ਬੁਝੇਗੀ ਨਾ ਅੰਧੇਰਾ ਹੋਗਾ
ਅਬ ਕਭੀ ਰਾਤ ਢਲੇਗੀ ਨਾ ਸਵੇਰਾ ਹੋਗਾ।

ਦੂਸਰਾ ਕਲਾਮ:

'ਜੁਨੂੰ ਕੀ ਯਾਦ ਮਨਾਓ ਕਿ ਜਸ਼ਨ ਕਾ ਦਿਨ ਹੈ
ਸਲੀਬ-ਓ-ਦਾਰ ਸਜਾਓ ਕਿ ਜਸ਼ਨ ਕਾ ਦਿਨ ਹੈ।

ਉਰਦੂ ਦੀਆਂ ਕੁਝ ਗਜ਼ਲਾਂ ਅਤੇ ਨਜ਼ਮਾਂ ਤੋਂ ਬਾਅਦ ਉਨ੍ਹਾਂ ਪੰਜਾਬੀ ਵਿੱਚ ਇੱਕ ਨਜ਼ਮ ਤੇ ਇੱਕ ਗੀਤ ਸੁਣਾਇਆ:

ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ।

ਫ਼ੈਜ਼ ਸਾਹਿਬ ਦੀ ਇਸ ਫ਼ਕੀਰੀ ਅਕੀਦਤ ਦੇ ਬੋਲਾਂ ਨਾਲ ਹੁਣ ਵਿਛੜਨ ਦਾ ਸਮਾਂ ਆ ਗਿਆ ਸੀ। ਇੰਜ ਫ਼ੈਜ਼ ਅਹਿਮਦ ਫ਼ੈਜ਼ ਨਾਲ ਇੱਕ ਇਤਫ਼ਾਕੀਆ ਮੁਲਾਕਾਤ ਸਦੀਵੀ ਯਾਦ ਹੋ ਨਿਬੜੀ।

# ਪੇਂਡੂ ਵਿਰਾਸਤ ਦੀ ਅਹਿਮੀਅਤ 'ਚ ਪੇਂਡੂ ਧੀ ਦਾ ਸਥਾਨ



ਅੱਜ ਧੀਆਂ ਦੇ ਮੋਹ ਪਿਆਰ ਤੋਂ ਸੂਰਜ ਦੇਵਤਾ ਵੀ ਪ੍ਰਸੰਨ ਹੋਏ ਬਿਨਾਂ ਨਾ ਰਹਿ ਸਕਿਆ ਜਦੋਂ ਉਸ ਦੀ ਧੀ ਧੁੱਪ ਨੇ ਵੀ ਧੀਆਂ ਦੇ ਪ੍ਰੋਗਰਾਮ ਵਿੱਚ ਦਸਤਕ ਦੇ ਦਿੱਤੀ ਤੇ ਮੇਲਣ ਧੀਆਂ ਨੂੰ ਨਿੱਘੀ ਬੁੱਕਲ ਵਿੱਚ ਲੈ ਲਿਆ। ਧੁੰਦ ਨੇ ਵੀ ਆਪਣੀ ਜਿੱਦ ਦਾ ਪੱਲ੍ਹ ਛੱਡ ਦਿੱਤਾ। ਭਰਿਆ ਮੇਲਾ ਦੇਖ ਕੇ ਧੀਆਂ ਦੇ ਮੂੰਹੋਂ ਇਹ ਸ਼ਬਦ ਆਪ ਮੁਹਾਰੇ ਨਿਕਲੇ "ਧੰਨ ਭਾਗ ਉਨ੍ਹਾਂ ਦੇ ਜਿਨ੍ਹਾਂ ਨੇ ਵਿਛੜੀਆਂ ਸਹੇਲੀਆਂ ਨੂੰ ਫਿਰ ਤੋਂ ਮਿਲਾਇਆ"।

ਇਹ ਬੋਲ ਪਿੰਡ ਲੁਬਾਣਾ ਦੀਆਂ ਜੰਮਪਲ ਧੀਆਂ ਰਣਜੀਤ ਕੌਰ (ਨਾਭਾ), ਬਲਵੀਰ ਕੌਰ (ਮਹਾਦੀਆਂ), ਚੰਦ ਕੌਰ (ਬਡਾਲੀ) ਦੇ ਮੂੰਹੋਂ ਆਪ ਮੁਹਾਰੇ ਨਿਕਲੇ। ਇਹ ਸਹੇਲੀਆਂ ਅੱਜ 30 ਸਾਲ ਬਾਅਦ ਆਪਣੇ ਪੇਕਿਆਂ ਦੇ ਘਰ ਅਤੇ ਇਲਾਕੇ 'ਚ ਕਰਵਾਏ ਆਪਣੀ ਕਿਸਮ ਦੇ ਨਿਵੇਕਲੇ ਪ੍ਰੋਗਰਾਮ 'ਮੇਲਾ ਧੀਆਂ ਦਾ' ਵਿੱਚ ਇਕੱਠੀਆਂ ਹੋਈਆਂ। ਇਨ੍ਹਾਂ ਦੀ ਖੁਸ਼ੀ ਦਾ ਅੱਜ ਕੋਈ ਠਿਕਾਣਾ ਨਹੀਂ ਸੀ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਕੋਲ ਇਸ ਪ੍ਰੋਗਰਾਮ ਦੇ ਸੱਦਾ ਪੱਤਰ ਪੁੱਜੇ ਤਾਂ ਉਨ੍ਹਾਂ ਨੂੰ ਏਨੀ ਖੁਸ਼ੀ ਮਿਲੀ ਜਿਸ ਨੂੰ ਲਫ਼ਜ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਦੋ ਦਿਨ ਪਹਿਲਾਂ ਹੀ ਪਿੰਡ ਪੁੱਜ ਗਈਆਂ ਸਨ। ਇਨ੍ਹਾਂ ਨੇ ਦੱਸਿਆ ਕਿ ਉਹ ਆਪਣੇ ਵਿਆਹਾਂ ਤੋਂ ਤਿੰਨ-ਚਾਰ ਸਾਲ ਬਾਅਦ ਤੀਆਂ ਮਨਾਉਣ ਪਿੰਡ ਆਉਂਦੀਆਂ ਰਹੀਆਂ ਪਰ ਉਸ ਤੋਂ ਬਾਅਦ ਇਹ ਸਭਿਆਚਾਰਕ ਤਿਉਹਾਰ ਸਮੇਂ ਦੀ ਤੋਰ ਦੇ ਨਾਲ ਆਪਣਾ ਵਜੂਦ ਬਦਲ ਗਿਆ ਤੇ ਹੌਲੀ ਹੌਲੀ ਉਨ੍ਹਾਂ ਦਾ ਮਿਲਣਾ ਜੁਲਣਾ ਵੀ ਇੱਕ ਤਰ੍ਹਾਂ ਨਾਲ ਬੰਦ ਹੀ ਹੋ ਗਿਆ। ਪਿੰਡ ਦੀਆਂ ਬਹੁਤੀਆਂ ਵਡਉਮਰ ਧੀਆਂ ਇਸ ਮਿਲਣੀ ਤੋਂ ਫੁੱਲੀਆਂ ਨਹੀ ਸਮਾ ਰਹੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ 60-65 ਸਾਲਾਂ 'ਚ ਪਹਿਲੀ ਵਾਰ ਅਜਿਹਾ ਪ੍ਰੋਗਰਾਮ ਦੇਖਣ ਨੂੰ ਮਿਲਿਆ ਹੈ। ਇਸ ਪ੍ਰੋਗਰਾਮ 'ਚ ਪੁੱਜੀ ਜਤਿੰਦਰ ਕੌਰ ਨੇ ਦੱਸਿਆ ਕਿ ਉਹ 21 ਸਾਲਾਂ ਬਾਅਦ ਆਪਣੀਆਂ ਸਹੇਲੀਆਂ ਨੂੰ ਮਿਲੀ ਤੇ ਉਸ ਨੂੰ ਆਪਣਾ ਬਚਪਨ ਤਾਜ਼ਾ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਪਿੰਡ ਧੰਗੇੜਾ ਦੇ ਸਕੂਲ ਦੇ ਮੈਦਾਨ ਵਿੱਚ ਕਰਵਾਏ 'ਮੇਲਾ ਧੀਆਂ ਦਾ' ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਲੁਬਾਣੇ ਪਿੰਡ ਦੀਆਂ ਵਿਆਹੀਆਂ ਧੀਆਂ ਆਪਣੇ ਬਾਬਲ ਦੇ ਵਿਹੜੇ ਵਿੱਚ ਉਡਾਰੀ ਮਾਰ ਕੇ ਪਹੁੰਚੀਆਂ ਤੇ ਆਪਣੀਆਂ ਸਹੇਲੀਆਂ ਨੂੰ ਬਾਹਾਂ ਵਿੱਚ ਲੈ ਕੇ ਭਾਵੁਕ ਹੋ ਕੇ ਮਿਲੀਆਂ ਤੇ ਪਿਆ ਦੇ ਹੰਝੂਆਂ ਦੀਆਂ ਨਦੀਆਂ ਵਗ ਤੁਰੀਆਂ। ਇੱਥੇ ਇੱਕ ਤਰ੍ਹਾਂ ਪਿੰਡ ਦੀਆਂ ਤਿੰਨ ਪੀੜ੍ਹੀਆਂ ਦਾ ਅੱਜ ਮੇਲ ਹੋਇਆ। ਪਿੰਡ ਦੀਆਂ ਗਲੀਆਂ ਵਿੱਚ ਇਕੱਠੀਆਂ ਖੇਡਣ ਤੋਂ ਲੈ ਕੇ ਚਰਖਿਆਂ 'ਤੇ ਪੂਣੀਆਂ ਕੱਤਣ, ਇਕੱਠੀਆਂ ਦਰੀਆਂ ਬੁਣਨ, ਚਾਦਰਾਂ ਕੱਢਣ, ਖੂਹਾਂ ਤੋਂ ਪਾਣੀ ਲਿਆਉਣ, ਖੇਤਾਂ ਵਿੱਚ ਕੰਮ ਕਰਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਆਪਣੇ ਪੁੱਤ-ਪੋਤਿਆਂ, ਪੜੋਤਿਆਂ ਬਾਰੇ ਖੁਸ਼ੀਆਂ ਅਤੇ ਤਕਲੀਫਾਂ ਤੋਂ ਜਾਣੂ ਹੋਈਆਂ। ਇਕੱਠੇ ਹੋਏ ਚਿੜੀਆਂ ਦੇ ਚੰਬੇ ਨੇ ਆਪਣੀਆਂ ਪੁਰਾਣੀਆਂ ਸਹੇਲੀਆਂ ਨਾਲ ਮਿਲ ਕੇ ਪੁਰਾਣੇ ਗੀਤ, ਸਿੱਠਣੀਆਂ, ਘੋੜੀਆਂ, ਬੋਲੀਆਂ ਪਾ ਕੇ ਭੁਲਾਏ ਜਾ ਰਹੇ ਪੰਜਾਬੀ ਸੱਭਿਆਚਾਰ ਨੂੰ ਤਾਜ਼ਾ ਕੀਤਾ। ਮੌਜੂਦਾ ਦੌਰ 'ਚ ਚੱਲ ਰਹੇ ਵੀ. ਆਈ. ਪੀ. ਸਭਿਆਚਾਰ ਤੋਂ ਹੱਟ ਕੇ ਇਸ ਮੇਲੇ ਵਿੱਚ ਕਿਸੇ ਵੀ ਉੱਚ ਅਧਿਕਾਰੀ, ਰਾਜਸੀ ਆਗੂ ਨੂੰ ਨਹੀਂ ਸੱਦਿਆ ਗਿਆ। ਸਗੋਂ ਮੇਲੇ ਵਿੱਚ ਪਹੁੰਚੀਆਂ ਪਿੰਡ ਦੀਆਂ ਧੀਆਂ ਨੂੰ ਹੀ ਵੀ. ਆਈ. ਪੀ. ਦੇ ਤੌਰ 'ਤੇ ਸਨਮਾਨ ਦਿੱਤਾ ਗਿਆ ਅਤੇ ਪਿੰਡ ਦੀਆਂ ਸਭ ਤੋਂ ਬਜ਼ੁਰਗ ਧੀਆਂ ਨੇ ਹੀ ਅੱਜ ਦੇ ਮੇਲੇ ਦਾ ਉਦਘਾਟਨ ਕੀਤਾ। ਇਨ੍ਹਾਂ ਵਿੱਚ ਬਜ਼ੁਰਗ ਛੋਟੀ ਜੋ ਹੁਣ ਜੀਵਨ ਦੇ ਅੱਠਵੇਂ ਦਹਾਕੇ ਵਿੱਚ ਪੁੱਜ ਗਈ ਹੈ ਤੇ ਜਿਸ ਦੇ ਹੁਣ ਐਨਕਾਂ ਲੱਗ ਚੁੱਕੀਆਂ ਹਨ ਤੇ ਸੁਣਦਾ ਵੀ ਉੱਚਾ ਹੈ ਤੇ ਸੋਟੀ ਸਹਾਰੇ ਤੁਰਦੀ ਹੈ ਵੀ ਸ਼ਾਮਲ ਹੋਈ ਤੇ ਉਹ ਆਪਣੀਆਂ ਬਚਪਨ ਦੀਆਂ ਸਹੇਲੀਆਂ ਭੋਲੋ,ਪ੍ਰੀਤੋ ਤੇ ਮੱਦੋ ਨੂੰ ਲੱਭ ਰਹੀ ਸੀ। ਉਸ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਤੋਂ ਬਾਅਦ ਉਹ ਕਦੇ ਵੀ ਆਪਣੀਆਂ ਸਹੇਲੀਆਂ ਨੂੰ ਨਹੀ ਮਿਲੀ।

ਮੇਲੇ 'ਚ ਪਹੁੰਚੀ ਜਸਪਾਲ ਕੌਰ ਨੇ ਆਖਿਆ ਕਿ 30 ਸਾਲਾਂ ਬਾਅਦ ਉਹ ਆਪਣੀ ਸਹੇਲੀ ਨੂੰ ਮਿਲੀ ਜਿਸ ਨੂੰ ਮਿਲਿਆਂ ਮੁੱਦਤਾਂ ਹੋ ਗਈਆਂ ਸਨ॥ ਉਸ ਨੇ ਕਿਹਾ ਕਿ ਉਹ ਆਪਣੇ ਸਾਰੇ ਕੰਮ ਵਿਚਕਾਰ ਛੱਡ ਕੇ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਆਈ ਹੈ। ਉਸ ਨੇ ਕਿਹਾ ਕਿ ਘਰ ਤੇ ਸਮਾਜਿਕ ਜਿੰਮੇਵਾਰੀਆਂ ਵੱਧ ਜਾਣ ਕਾਰਨ ਪੁਰਾਣੀਆਂ ਮੋਹ ਦੀਆਂ ਤੰਦਾਂ ਘੱਟ ਗਈਆਂ ਹਨ। ਅਜੋਕੀ ਪੀੜ੍ਹੀ ਨੂੰ ਉਨ੍ਹਾਂ ਦੇ ਕੰਮ ਕਾਰ ਰਾਸ ਨਹੀਂ ਆ ਰਹੇ। ਕਿਸੇ ਕੋਲ ਗੱਲ ਕਰਨ ਦਾ ਹੀ ਵਿਹਲ ਨਹੀਂ ਰਿਹਾ। ਅੱਜ ਉਹ ਜਦੋਂ ਆਪਣੇ ਪੇਕੇ ਪਿੰਡ ਆਈ ਤਾਂ ਉਸ ਨੂੰ ਸਾਰਾ ਮਾਹੌਲ ਬਦਲਿਆ ਬਦਲਿਆ ਜਾਪਿਆ ਤੇ ਪੁਰਾਣੇ ਦਿਨ ਫਿਰ ਤੋਂ ਯਾਦ ਆ ਗਏ। ਉਸਨੇ ਭਾਵੁਕ ਹੁੰਦਿਆਂ ਕਿਹਾ,' ਗਲੀਆਂ ਉਹੀ ਹਨ ਕਦੇ ਉਹ ਇਨ੍ਹਾਂ ਵਿੱਚ ਆਪਣੀਆਂ ਸਹੇਲੀਆਂ ਨਾਲ ਖੇਡਦੀ ਸੀ ਪਰ ਅੱਜ ਉਸ ਦੇ ਭਤੀਜੇ-ਭਤੀਜਿਆਂ ਦੇ ਬੱਚੇ ਇਨ੍ਹਾਂ ਦੀ ਰੌਣਕ ਵਧਾ ਰਹੇ ਹਨ। '

ਪਰਮਜੀਤ ਕੌਰ ਤੇ ਜਰਨੈਲ ਕੌਰ ਨੇ ਕਿਹਾ ਕਿ ਪਿੰਡ ਦੀਆਂ ਕੁਝ ਲੜਕੀਆਂ ਵੱਲੋਂ ਕੀਤੀ ਪਹਿਲਕਦਮੀ ਸਦਕਾ ਹੀ ਅਜਿਹਾ ਪ੍ਰੋਗਰਾਮ ਸੰਭਵ ਹੋਇਆ ਹੈ। ਜਿਸ 'ਚ ਪਿੰਡ ਦੀਆਂ ਦੂਰ-ਦੁਰਾਡੇ ਵਿਆਹੀਆਂ ਧੀਆਂ ਨੂੰ ਮਿਲਣ ਲਈ ਇੱਕ ਥਾਂ ਇਕੱਠਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਦੇ ਬੱਚੇ ਜਦੋਂ ਆਪਣੇ ਸਭਿਆਚਾਰ ਨਾਲੋਂ ਟੁੱਟ ਕੇ ਵਿਦੇਸ਼ੀ ਸਭਿਆਚਾਰ 'ਚ ਰੰਗੇ ਜਾ ਰਹੇ ਹਨ, ਉਸ ਸਮੇਂ ਅਜਿਹੇ ਪ੍ਰੋਗਰਾਮ ਕਰਵਾਉਣੇ ਹੋਰ ਵੀ ਜ਼ਰੂਰੀ ਹੋ ਜਾਂਦੇ ਹਨ। ਸਮਾਜ ਅੰਦਰ ਔਰਤਾਂ 'ਚ ਆਪਣੇ ਆਪ ਕੁੱਝ ਕਰਨ ਤੇ ਫੈਸਲੇ ਲੈਣ ਦੀ ਚੇਤਨਾ ਵੀ ਪੈਦਾ ਹੋਵੇਗੀ ਕਿਉਂਕਿ ਸਮਾਜ ਦੀ ਬੇਹਤਰੀ ਲਈ ਔਰਤਾਂ ਦਾ ਸੁਚੇਤ ਹੋਣਾ ਤੇ ਮਰਦਾਂ ਦੇ ਬਰਾਬਰ ਅਧਿਕਾਰ ਮਿਲਣਾ ਬੇਹੱਦ ਜ਼ਰੂਰੀ ਹਨ। ਇਸ ਨਾਲ ਹੀ ਭਰੂਣ ਹੱਤਿਆ, ਬਲਾਤਕਾਰ, ਨੂੰਹਾਂ ਨੂੰ ਮਾਰਨਾ, ਔਰਤਾਂ 'ਤੇ ਘਰੇਲੂ ਹਿੰਸਾ ਆਦਿ ਅਲਾਮਤਾਂ ਦੂਰ ਹੋ ਸਕਣਗੀਆਂ।

ਇਸੇ ਪਿੰਡ ਦੀਆਂ ਧੀਆਂ ਸ਼ਿੰਦਰ ਕੌਰ ਤੇ ਸ਼ੀਲਾ ਨੇ ਜਦੋਂ ਕੁੜੀਆਂ ਨੂੰ ਗਿੱਧਾ ਪਾਉਂਦੇ ਤੇ ਗੀਤ ਗਾਉਂਦੇ ਦੇਖਿਆ ਤਾਂ ਉਨ੍ਹਾਂ ਤੋਂ ਰਿਹਾ ਨਾ ਗਿਆ। ਉਨ੍ਹਾਂ ਦੇ ਪੈਰ ਮੱਲੋ ਮੱਲੀ ਗਿੱਧਾ ਪਾਉਣ ਲਈ ਉੱਠੇ ਤ ਉਹ ਸਟੇਜ 'ਤੇ ਜਾ ਗਿੱਧੇ ਵਿੱਚ ਨੱਚੀਆਂ। ਉਨ੍ਹਾਂ ਨੇ ਜਦੋਂ 'ਘੋੜੀ ਚੜ੍ਹਿਆ ਮਾਂ ਦਾ ਨੰਦ ਜੀਓਂ ਤਾਰਿਆਂ 'ਚ ਚੰਦ ਨੀਓੜ. ' ਨੂੰ ਹੇਕਾਂ ਲਾ ਕੇ ਗਾਇਆ ਤਾਂ ਪੰਜਾਬ ਦਾ ਪੁਰਾਣਾ ਸਮਾਂ ਯਾਦ ਕਰਵਾ ਦਿੱਤਾ। ਇਨ੍ਹਾਂ ਨੂੰ ਔਰਤਾਂ ਦੇ ਵੱਡੇ ਇਕੱਠ ਨੇ ਬੜੇ ਧਿਆਨ ਨਾਲ ਸੁਣਿਆ। ਉਨ੍ਹਾਂ ਵੱਲੋਂ ਗਾਏ ਗੀਤ ਨੇ ਬਾਕੀਆਂ ਦੇ ਦਿਲਾਂ ਵਿੱਚ ਵੀ ਬਲਬਲੇ ਪੈਦਾ ਕਰ ਦਿੱਤੇ ਤੇ ਫਿਰ ਸ਼ੁਰੂ ਹੋਇਆ ਗੀਤਾਂ ਦਾ ਕਦੇ ਵੀ ਨਾ ਮੁੱਕਣ ਵਾਲਾ ਸਿਲਸਲਾ । ਕਰਮਜੀਤ ਕੌਰ ਤੇ ਸ਼ਫ਼ੀ ਨੇ 'ਉਚਾ ਪਾਣੀ ਡੋਲ੍ਹਿਆ, ਪਾਣੀ ਨੀਵੇਂ ਨੂੰ ਆਵੇ..... ਨੂੰ ਲੰਮੀਆਂ ਹੇਕਾਂ 'ਚ ਗਾ ਕੇ ਸਾਰਿਆਂ ਦਾ ਧਿਆਨ ਖਿੱਚ ਲਿਆ। ਖੰਨੇ ਤੋਂ ਆਈ ਕੁਲਵੰਤ ਕੌਰ (70) ਨੇ ਕਿਹਾ ਕਿ ਜ਼ਿੰਦਗੀ 'ਚ ਪਹਿਲੀ ਵਾਰ ਅਜਿਹਾ ਮੌਕਾ ਮਿਲਿਆ ਹੈ ਜਦੋਂ ਇੱਕੋ ਪਿੰਡ ਦੀਆਂ ਕੁੜੀਆਂ ਇੱਕ ਥਾਂ ਇਕੱਠੀਆਂ ਹੋਈਆਂ ਹਨ। ਪਹਿਲਾਂ ਤੀਆਂ ਦੇ ਮੌਕੇ ਤ੍ਰਿੰਞਣਾਂ 'ਚ ਪਿੰਡ ਦੀਆਂ ਧੀਆਂ ਇਕੱਠੀਆਂ ਹੁੰਦੀਆਂ ਸਨ ਪਰ ਹੁਣ ਬਦਲੇ ਯੁੱਗ 'ਚ ਸਭ ਕੁਝ ਖ਼ਤਮ ਹੁੰਦਾ ਜਾ ਰਿਹਾ ਹੈ। ਪਿੰਡ ਦੀਆਂ ਵਿਆਹੀਆਂ ਧੀਆਂ ਪੁਰਾਣੀਆਂ ਬੋਲੀਆਂ ਪਾ ਕੇ ਗਿੱਧੇ ਵਿੱਚ ਖੂਬ ਨੱਚੀਆਂ। ਇਸ ਤਰ੍ਹਾਂ ਅਮਿੱਟ ਯਾਦਾਂ ਛੱਡਦਾ ਹੋਇਆ ਮੇਲਾ ਧੀਆਂ ਦਾ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ।





## ਵਿਸ਼ੇਸ਼ ਅੰਕ

23 ਮਾਰਚ ਦਾ ਦਿਨ ਭਾਰਤ ਦੀ ਰਾਜਨੀਤੀ ਵਿਚ ਇਕ ਬਦਲਵੀਂ ਰਾਜਨੀਤੀ ਦਾ ਦਿਨ ਬਣਦਾ ਹੈ। ਇਸ ਦੀ ਮਹੱਤਤਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਰਾਜਨੀਤਕ ਸਰੋਕਾਰਾਂ ਅਤੇ ਅਜੋਕੀਆਂ ਪ੍ਰਸੰਗਤਾਵਾਂ ਨਾਲ ਨੇੜੇ ਤੋਂ ਜੁੜੇ ਹੋਏ ਹਨ। 'ਸਰੋਕਾਰਾਂ ਦੀ ਆਵਾਜ਼' 23 ਮਾਰਚ 2014 ਲਈ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਰਿਹਾ ਹੈ। ਜਿਸ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਲਿਖਤਾਂ ਅਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਤੇ ਲਿਖਤਾਂ ਅੰਕਿਤ ਕੀਤੀਆਂ ਜਾਣਗੀਆਂ। ਸਮੁੱਚੇ ਇਸ ਅੰਕ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਅਤੇ ਨਰਭਿੰਦਰ ਸਿੰਘ ਸੰਪਾਦਨ ਕਰਨਗੇ। ਸੋ ਇਸ ਲਈ ਇਸ ਅੰਕ ਵਾਸਤੇ ਲਿਖਤਾਂ ਅਤੇ ਇਸ਼ਤਿਹਾਰ 10 ਮਾਰਚ 2014 ਤੱਕ ਪਹੁੰਚ ਜਾਣੇ ਚਾਹੀਦੇ ਹਨ।

ਸੰਪਾਦਕ

# ਨਜ਼ਰਬੰਦ ਆਗੂਆਂ ਦੀ ਰਿਹਾਈ ਲਈ ਅਰਥੀ ਫੂਕ ਮੁਜ਼ਾਹਰਾ



ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਰੈਲੀ 'ਚ ਮੰਚ ਦੇ ਆਗੂ ਸੁਰਿੰਦਰ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਨੇ ਹੱਕ ਮੰਗਦੇ ਐਸਐਸਏ/ਰਮਸਾ ਦੇ ਅਧਿਆਪਕਾਂ ਤੇ ਉਨ੍ਹਾਂ ਦੇ ਹੱਕੀ ਸੰਘਰਸ਼ ਦੀ ਹਮਾਇਤ ਕਰ ਰਹੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੂੰ ਜੇਲ੍ਹੀਂ ਬੰਦ ਕਰਕੇ ਆਪਣਾ ਲੋਕ ਦੋਖੀ ਤੇ ਗੈਰ-ਜਮਹੂਰੀ ਚਿਹਰਾ ਦਿਖਾ ਦਿੱਤਾ ਹੈ। ਮੰਚ ਦੇ ਸੂਬਾ ਆਗੂ ਗਗਨਦੀਪ ਨੇ ਕਿਹਾ ਕਿ ਕੇਂਦਰੀ ਜੇਲ੍ਹ ਲੁਧਿਆਣਾ 'ਚ ਨਜ਼ਰਬੰਦ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰ ਸੁਖਦੇਵ ਭੂੰਦੜੀ, ਡੀਟੀਐਫ ਦੇ ਜ਼ਿਲ੍ਹਾ ਆਗੂ ਗੁਰਚਰਨ ਨੂਰਪੁਰ, ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਦੇ ਆਗੂ ਗੁਰਦੀਪ ਬਾਸੀ, ਪ੍ਰਵੇਜ਼, ਬੀਕੇਯੂ (ਉਗਰਾਹਾਂ) ਦੇ ਸੁਦਾਗਰ ਘੁੜਾਣੀ ਸਮੇਤ ਦਰਜਨਾਂ ਵਰਕਰਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ ਤੇ ਝੂਠੇ ਪਰਚਿਆਂ ਦੇ ਵਿਰੋਧ 'ਚ ਆਉਣ ਵਾਲੇ ਦਿਨਾਂ ਵਿੱਚ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਲ੍ਹੀਂ ਬੰਦ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਬਰਨਾਲਾ, ਮੁਲਾਂਪੁਰ, ਬਰੇਟਾ, ਬਠਿੰਡਾ, ਲਹਿਰਾ ਤੇ ਲੁਧਿਆਣਾ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਹੋ ਰਹੇ ਹਨ। ਜਿਨ੍ਹਾਂ ਵਿਚ ਵੱਖ ਵੱਖ ਵਰਗਾਂ ਦੇ ਲੋਕ ਅਤੇ ਵਿਸ਼ੇਸ਼ ਕਰਕੇ ਨੌਜਵਾਨ ਸ਼ਾਮਲ ਹੋ ਰਹੇ ਹਨ। ਇਸ ਲਹਿਰ ਨਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਉਪਰ ਵੀ ਹੁਕਮਰਾਨ ਪਾਰਟੀ ਉਪਰ ਸਿੱਧਾ ਅਸਰ ਪਵੇਗਾ ਜਿਸ ਲਈ ਉਹ ਲੋਕਾਂ ਅੱਗੇ ਜਵਾਬਦੇਹ ਹਨ। ਇਸ ਲਹਿਰ ਨੇ ਪੰਜਾਬ ਅੰਦਰ ਇਕ ਵਿਰੋਧ ਦੀ ਲਹਿਰ ਖੜ੍ਹੀ ਕਰ ਦਿੱਤੀ ਹੈ।


## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਗਿੱਲ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦਵਿੰਦਰ ਤੂਰ
416-902-9372
ਕੁਲਦੀਪ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ
204-981-3375
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com





S. Mehanga Singh Saraf
M.S. Int. Jewellers Inc.
22kt./24kt. Gold Jewellery
CASH FOR GOLD
CASH FOR DIAMOND
& CASH FOR PLATINUM
DIAMONDS



14K, 18K Yellow & White Gold, Platinum Jewellery
905-671-9934
2985 DREW RD, UNIT #116, MISSISSAUGA



HomeLife/Superstars
Real Estate Ltd., Brokerage
Each office is independently owned& Operated
HOMELIFE HIGHER STANDARDS

*Residential *Commercial
* Investment *Condominium



Cell: 416-274-1146
Email: sliddar@hotmail.com
*Office: 905-792-7800 *Fax: 905-792-9092
Sukdev Singh Liddar
Sales Representative
*2555 Steeles Ave E. Unit 11 * Brampton *ON *L6T 4L6



Tri-City
Professional Realty Inc. Brokerage
"Aiming Straight With Honesty and Integrity"



Since 1987 on Full Time Basis
Dir: 416.254.7573
Off.: 905.793.5777
Email: pdosanjh2005@yahoo.com
Paul Dosanjh
Sales Representative